SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.Switchinsurance.ca

# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LLB
416-213-8600

To view our online newspaper visit punjabipost.ca/epaper | Vol 22* Issue 76 | Tuesday, April 18, 2023 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਘਾਤਕ ਹਿੱਟ ਐਂਡ ਰੰਨ ਮਾਮਲੇ ਵਿੱਚ ਡਰਾਈਵਰ ਗ੍ਰਿਫਤਾਰ

ਟੋਰਾਂਟੋ, 17 ਅਪਰੈਲ (ਪੋਸਟ ਬਿਊਰੋ) : ਵੀਕੈਂਡ ਉੱਤੇ ਇਟੋਬੀਕੋ ਵਿੱਚ ਘਾਤਕ ਹਿੱਟ ਐਂਡ ਰੰਨ ਨੂੰ ਅੰਜਾਮ ਦੇਣ ਵਾਲੇ ਡਰਾਈਵਰ ਨੂੰ ਟੋਰਾਂਟੋ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਹੈ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਨੂੰ ਸਵੇਰੇ 8:30 ਵਜੇ ਦੇ ਨੇੜੇ ਤੇੜੇ ਐਬਰਫੌਇਲ ਕ੍ਰੀਸੈਂਟ ਕੋਲ ਬਲੂਅਰ ਸਟਰੀਟ ਵੈਸਟ ਉੱਤੇ ਜਾ ਰਹੀ ਗੱਡੀ ਨੇ ਇੱਕ 69 ਸਾਲਾ ਮਹਿਲਾ ਨੂੰ ਟੱਕਰ ਮਾਰ ਦਿੱਤੀ। ਮਹਿਲਾ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੋਸ਼ ਲਾਇਆ ਕਿ ਜਿਸ ਲਾਲ ਰੰਗ ਦੀ ਟੌਇਟਾ ਪ੍ਰਾਇਸ ਗੱਡੀ ਵੱਲੋਂ ਟੱਕਰ ਮਾਰੀ ਗਈ ਉਸ ਦਾ ਡਰਾਈਵਰ ਮੌਕੇ ਉੱਤੇ ਨਹੀਂ ਰੁਕਿਆ।

ਸੋਮਵਾਰ ਨੂੰ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਮਸ਼ਕੂਕ ਨੇ ਆਤਮ ਸਮਰਪਣ ਕਰ ਦਿੱਤਾ ਹੈ ਤੇ ਉਸ ਦੀ ਕਾਰ ਨੂੰ ਵੀ ਜ਼ਬਤ ਕਰ ਲਿਆ ਗਿਆ ਹੈ। ਟੋਰਾਂਟੋ ਦੀ 66 ਸਾਲਾ ਸੂਜ਼ਨ ਐਟਕਿੰਸਨ ਨੂੰ ਹਾਦਸੇ, ਜਿਸ ਕਾਰਨ ਮੌਤ ਹੋਈ, ਨੂੰ ਅੰਜਾਮ ਦੇਣ ਤੇ ਫਿਰ ਮੌਕੇ ਉੱਤੇ ਨਾ ਰੁਕਣ ਲਈ ਚਾਰਜ ਕੀਤਾ ਗਿਆ ਹੈ।

## ਹਾਕੀ ਕੈਨੇਡਾ ਨੂੰ ਫੰਡਿੰਗ ਬਹਾਲ ਕਰਨ ਉੱਤੇ ਵਿਰੋਧੀ ਧਿਰਾਂ ਨੇ ਪ੍ਰਗਟਾਇਆ ਇਤਰਾਜ਼



ਓਟਵਾ, 17 ਅਪਰੈਲ (ਪੋਸਟ ਬਿਊਰੋ) : ਹਾਕੀ ਕੈਨੇਡਾ ਲਈ ਫੈਡਰਲ ਫੰਡਿੰਗ ਨੂੰ ਬਹਾਲ ਕੀਤੇ ਜਾਣ ਦੇ ਫੈਸਲੇ ਉੱਤੇ ਵਿਰੋਧੀ ਧਿਰਾਂ ਵੱਲੋਂ ਇਤਰਾਜ਼ ਪ੍ਰਗਟਾਇਆ ਜਾ ਰਿਹਾ ਹੈ। ਵਿਰੋਧੀ ਆਗੂਆਂ ਦਾ ਕਹਿਣਾ ਹੈ ਕਿ ਇਹ ਫੈਸਲਾ ਪ੍ਰੀਮੈਚਿਓਰ ਹੈ ਤੇ ਵਿਕਟਮਜ਼ ਦੀ ਹਿਫਾਜ਼ਤ ਦਾ ਕੋਈ ਖਿਆਲ ਵੀ ਇਸ ਦੌਰਾਨ ਨਹੀਂ ਰੱਖਿਆ ਗਿਆ।

ਜ਼ਿਕਰਯੋਗ ਹੈ ਕਿ 22 ਜੂਨ, 2022 ਨੂੰ ਖੇਡ ਮੰਤਰੀ ਪਾਸਕਲ ਸੇਂਟਓਂਜ ਵੱਲੋਂ ਵਿਵਾਦਾਂ ਵਿੱਚ ਘਿਰੀ ਹਾਕੀ ਕੈਨੇਡਾ ਦੀ ਫੈਡਰਲ ਫੰਡਿੰਗ ਉੱਤੇ ਰੋਕ ਲਾ ਦਿੱਤੀ ਗਈ ਸੀ। ਪਰ ਐਤਵਾਰ ਨੂੰ ਕੈਨੇਡੀਅਨ ਮਹਿਲਾ ਹਾਕੀ ਟੀਮ ਦੇ ਅਮਰੀਕਾ ਨਾਲ ਹੋਣ ਵਾਲੇ ਫਾਈਨਲ ਮੈਚ ਤੋਂ ਠੀਕ ਪਹਿਲਾਂ ਖੇਡ ਮੰਤਰੀ ਵੱਲੋਂ ਹਾਕੀ ਕੈਨੇਡਾ ਲਈ ਫੈਡਰਲ ਫੰਡਿੰਗ ਬਹਾਲ ਕਰਨ ਦਾ ਐਲਾਨ ਕਰ ਦਿੱਤਾ ਗਿਆ।

ਇਸ ਉੱਤੇ ਕੰਜ਼ਰਵੇਟਿਵ ਐਮਪੀ ਕੈਵਿਨ ਵਾਅ ਨੇ ਆਖਿਆ ਕਿ ਉਹ ਇਸ ਗੱਲ ਤੋਂ ਕਾਫੀ ਹੈਰਾਨ ਹਨ ਕਿ ਖੇਡ ਮੰਤਰੀ ਨੇ ਅਜਿਹਾ ਐਲਾਨ ਕੀਤਾ ਹੈ।ਉਨ੍ਹਾਂ ਆਖਿਆ ਕਿ ਅਜੇ ਹਾਕੀ ਕੈਨੇਡਾ ਵੱਲੋਂ ਉਨ੍ਹਾਂ ਸਾਰੀਆਂ ਸ਼ਰਤਾਂ ਨੂੰ ਪੂਰਾ ਨਹੀਂ ਕੀਤਾ ਗਿਆ ਜਿਹੜੀਆਂ ਫੰਡਿੰਗ ਬਹਾਲ ਕਰਨ ਲਈ ਲੋੜੀਂਦੀਆਂ ਸਨ। ਕੁੱਝ ਹੱਦ ਤੱਕ ਉਨ੍ਹਾਂ ਵੱਲੋਂ ਇਸ ਪਾਸੇ ਕਦਮ ਵਧਾਏ ਗਏ ਹਨ ਪਰ ਅਜੇ ਹਾਕੀ ਕੈਨੇਡਾ ਨੂੰ ਲੰਮਾਂ ਪੈਂਡਾ ਤੈਅ ਕਰਨਾ ਬਾਕੀ ਹੈ। ਐਨੀ ਜਲਦੀ ਫੰਡਿੰਗ ਬਹਾਲ ਕਰਨ ਦੀ ਕੋਈ ਲੋੜ ਨਹੀਂ ਸੀ।

ਐਨਡੀਪੀ ਐਮਪੀ ਪੀਟਰ ਜੂਲੀਅਨ ਨੇ ਵੀ ਇਹੋ ਜਿਹੇ ਵਿਚਾਰ ਹੀ ਸਾਂਝੇ ਕੀਤੇ। ਉਨ੍ਹਾਂ ਆਖਿਆ ਕਿ ਇਹ ਫੈਸਲਾ ਜਲਦਬਾਜ਼ੀ ਵਿੱਚ ਕੀਤਾ ਗਿਆ ਹੈ। ਹਾਕੀ ਕੈਨੇਡਾ ਵੱਲੋਂ ਅਜੇ ਸਾਰੀਆਂ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ ਗਈਆਂ ਫਿਰ ਫੰਡਿੰਗ ਐਨੀ ਜਲਦੀ ਸ਼ੁਰੂ ਕਰਨ ਦੀ ਕੀ ਲੋੜ ਸੀ।

## ਨਵੀਆਂ ਤਰਜੀਹਾਂ ਦੀ ਪ੍ਰਾਪਤੀ ਲਈ ਸਕੂਲ ਬੋਰਡਜ਼ ਨੂੰ ਕੱਸਣੀ ਹੋਵੇਗੀ ਕਮਰ : ਲਿਚੇ



ਓਨਟਾਰੀਓ, 17 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੇ ਸਿੱਖਿਆ ਮੰਤਰੀ ਵੱਲੋਂ ਪ੍ਰੋਵਿੰਸ਼ੀਅਲ ਤਰਜੀਹਾਂ ਕਾਇਮ ਕਰਨ ਲਈ ਪ੍ਰਸਤਾਵ ਲਿਆਂਦਾ ਜਾ ਰਿਹਾ ਹੈ। ਸਟੀਫਨ ਲਿਚੇ ਦਾ ਕਹਿਣਾ ਹੈ ਕਿ ਸਕੂਲ ਬੋਰਡਜ਼ ਲਈ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ, ਟਰੱਸਟੀਜ਼ ਤੇ ਬੋਰਡ ਅਧਿਕਾਰੀਆਂ ਲਈ ਟਰੇਨਿੰਗ ਤੇ ਸਕੂਲ ਬੋਰਡ ਦੀਆਂ ਵਾਧੂ ਪ੍ਰਾਪਰਟੀਜ਼ ਨੂੰ ਹਾਊਸਿੰਗ ਲਈ ਵਰਤਣਾ ਇਨ੍ਹਾਂ ਤਰਜੀਹਾਂ ਵਿੱਚ ਸ਼ਾਮਲ ਹੈ।

ਇਨ੍ਹਾਂ ਤਬਦੀਲੀਆਂ ਤੇ ਕਈ ਹੋਰਨਾਂ ਨੁਕਤਿਆਂ ਨੂੰ ਸਟੀਫਨ ਲਿਚੇ ਵੱਲੋਂ ਅੱਜ ਪੇਸ਼ ਕੀਤੇ ਗਏ ਐਜੂਕੇਸ਼ਨ ਬਿੱਲ ਵਿੱਚ ਸ਼ਾਮਲ ਕੀਤਾ ਗਿਆ। ਉਨ੍ਹਾਂ ਆਖਿਆ ਕਿ ਸਿੱਖਿਆ ਦੇ ਮਿਆਰ ਵਿੱਚ ਸੁਧਾਰ ਲਿਆਉਣ ਦੇ ਨਾਲ ਨਾਲ ਰੀਡਿੰਗ, ਰਾਈਟਿੰਗ ਤੇ ਮੈਥਸ ਸਿੱਖਣ ਲਈ ਮੂਲ ਜਾਣਕਾਰੀ ਨੂੰ ਮਜ਼ਬੂਤ ਕਰਨਾ ਇਸ ਨਵੇਂ ਬਿੱਲ ਦਾ ਮਕਸਦ ਹੈ। ਇਸ ਨਾਲ ਐਜੂਕੇਸ਼ਨ ਸਿਸਟਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕੇਗਾ।ਇਹ ਬਿੱਲ ਪਾਸ ਹੋਣ ਮਗਰੋਂ ਸਕੂਲ ਬੋਰਡਜ਼ ਲਈ ਸਰਕਾਰ ਵੱਲੋਂ ਨਵੀਆਂ ਤਰਜੀਹਾਂ ਤੈਅ ਕੀਤੀਆਂ ਜਾਣਗੀਆਂ। ਪਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਰੀਡਿੰਗ, ਰਾਈਟਿੰਗ ਤੇ ਮੈਥਸ ਵਰਗੇ ਖੇਤਰਾਂ ਵਿੱਚ ਉਹ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਉੱਤੇ ਵਧੇਰੇ ਧਿਆਨ ਕੇਂਦਰਿਤ ਕਰਨਗੇ।

ਬਿੱਲ ਵਿੱਚ ਅਧਿਆਪਕਾਂ ਦੀ ਸਿੱਖਿਆ ਨੂੰ ਆਧੁਨਿਕ ਰੂਪ ਦੇਣ, ਅਨੁਸ਼ਾਸਨੀ ਪ੍ਰਕਿਰਿਆ ਨੂੰ ਵਧੇਰੇ ਕਾਰਗਰ ਬਣਾਉਣ ਤੇ ਮਾਪਿਆਂ ਦੀ ਸ਼ਮੂਲੀਅਤ ਨੂੰ ਵਧਾਉਣ ਵੱਲ ਵੀ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਲਿਚੇ ਨੇ ਆਖਿਆ ਕਿ ਓਨਟਾਰੀਓ ਵਿੱਚ ਵਰਲਡ ਕਲਾਸ ਐਜੂਕੇਸ਼ਨ ਸਿਸਟਮ ਹੈ ਪਰ ਕੁੱਝ ਸਕੂਲ ਲੰਮੇਂ ਸਮੇਂ ਤੋਂ ਬਿਹਤਰ ਕਾਰਗੁਜ਼ਾਰੀ ਨਹੀਂ ਵਿਖਾ ਰਹੇ। ਇਸ ਲਈ ਇਨ੍ਹਾਂ ਤਬਦੀਲੀਆਂ ਨਾਲ ਮੌਲਿਕ ਹੁਨਰ ਵਿੱਚ ਨਿਖਾਰ ਆਵੇਗਾ ਤੇ ਇਹ ਵੀ ਦੱਸਿਆ ਜਾ ਸਕੇਗਾ ਕਿ ਸਕੂਲ ਬੋਰਡਜ਼ ਨੂੰ ਕਿਵੇਂ ਚਲਾਇਆ ਜਾਂਦਾ ਹੈ ਤੇ ਉਨ੍ਹਾਂ ਦੀ ਕੀ ਜਵਾਬਦੇਹੀ ਬਣਦੀ ਹੈ।

ਬਿੱਲ ਪੇਸ਼ ਕਰਨ ਤੋਂ ਪਹਿਲਾਂ ਇੱਕ ਇੰਟਰਵਿਊ ਵਿੱਚ ਲਿਚੇ ਨੇ ਆਖਿਆ ਕਿ ਬੋਰਡਜ਼ ਨੂੰ ਬੋਰਡ ਇੰਪਰੂਵਮੈਂਟ ਪਲੈਨ ਤਿਆਰ ਕਰਨੇ ਹੋਣਗੇ ਤੇ ਉਨ੍ਹਾਂ ਨੂੰ ਜਨਤਕ ਤੌਰ ਉੱਤੇ ਪੋਸਟ ਵੀ ਕਰਨਾ ਹੋਵੇਗਾ। ਲਿਚੇ ਨੇ ਆਖਿਆ ਕਿ ਮੌਲਿਕ ਹੁਨਰ ਵਿੱਚ ਨਿਖਾਰ ਤੇ ਮੁੜ ਬੇਸਿਕਸ ਤੋਂ ਸ਼ੁਰੂ ਕਰਨ ਦੀ ਜਿਹੜੀ ਸ਼ਰਤ ਹੋਵੇਗੀ ਉਸ ਨਾਲ ਬੋਰਡਜ਼, ਡਾਇਰੈਕਟਰਜ਼ ਤੇ ਟਰੱਸਟੀਜ਼ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ ਤਾਂ ਕਿ ਉਹ ਸਿਸਟਮ ਵਿੱਚ ਸੁਧਾਰ ਨੂੰ ਗੰਭੀਰਤਾ ਨਾਲ ਲੈਣ ਤੇ ਇਸ ਨੂੰ ਯਕੀਨੀ ਬਣਾਉਣ। ਉਨ੍ਹਾਂ ਆਖਿਆ ਕਿ ਜੇ ਅਸੀਂ ਇਨ੍ਹਾਂ ਨੁਕਤਿਆਂ ਵੱਲ ਧਿਆਨ ਦੇਵਾਂਗੇ ਤਾਂ ਨਾ ਸਿਰਫ ਸਾਡੇ ਐਜੂਕੇਸ਼ਨ ਸਿਸਟਮ ਵਿੱਚ ਸੁਧਾਰ ਹੋਵੇਗਾ ਸਗੋਂ ਨੌਜਵਾਨਾਂ ਨੂੰ ਬਿਹਤਰ ਨੌਕਰੀਆਂ ਮਿਲਣਗੀਆਂ। ਲਿਚੇ ਨੇ ਇਹ ਵੀ ਆਖਿਆ ਕਿ ਇਸ ਬਿੱਲ ਨਾਲ ਨਵੇਂ ਸਕੂਲਾਂ ਦੇ ਨਿਰਮਾਣ ਵਿੱਚ ਵੀ ਤੇਜ਼ੀ ਆਵੇਗੀ।

NOW HIRING !!! ALLKIND INSURANCE
- Life Insurance
- Critical Illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSQ Pest Control Inc. Residential, Commercial
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma, Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit/Attestations
www.kelleylawoffice.ca | info@kelleylawoffice.ca
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control: Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

A-One Drivers TRAINING SCHOOL
647-998-7500 ਬਲਵਿੰਦਰ

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
RANJIT GILL 416-724-5000
Punjab Insurance Inc
Disability Insurance, Mortgage Insurance, Life Insurance, Visitor & Travel Insurance, RESP (Education Plan), Critical Illness Insurance

GURBIR CHAHAL
416.566.7605
gurbir.chahal@yahoo.com
ROYAL LePAGE Flower City Realty

ON TIME HEATING COOLING & REFRIGERATION
ac - furnance - heat pump - boilers - gasline - walk in cooler - water heater
Fully licensed team and govt. rebate upto $8,000
SAURAVDEEP SINGH: 226-332-4040

Easter SALE
$299 $2,999 $299 $399 $4,499 $4,649
KitchenAid, MAYTAG, LG, SAMSUNG, Electrolux, JENNAIR, BOSCH, Whirlpool
416-551-5553 WWW.OURRHOMEAPPLIANCES.COM

AUTO & HOME INSURANCE
Super visa Insurance, Life & Disability, Critical Illness, RESP, Visitor & Travel insurance
(416-845-1352) Manwinder Mangat

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA
Dir: 647-928-4990

PROTECT YOUR HOME FROM PESTS
Pest Control
Low Rates/Excellent Pest Control Services
Free Home Inspection Call Today
Ranjit Sidhu
BED BUG MATTRESS COVER ALSO AVAILABLE

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
416-502-3100
Jasbir Singh Hundal
Unit #20 - 7015 Tranmere Drive Mississauga, ON L5S 1T7

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
Cell: 416 726 6206 Tel: 905 405 0001
NC Dhawan

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
Harpreet Singh Goraya
Avon Financial
831 Bovaird Dr. West, Unit 25, Brampton, ON L6X 0T9 Fax: 905-216-0392

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
T: 905 799 9333

# ਸੀਬੀਸੀ ਦੀ ਨੁਕਤਾਚੀਨੀ ਕਰਕੇ ਪੌਲੀਏਵਰ ਕੈਨੇਡੀਅਨ ਸੱਭਿਆਚਾਰ ਉੱਤੇ ਕਰ ਰਹੇ ਹਨ ਹਮਲਾ : ਜਗਮੀਤ ਸਿੰਘ

ਓਟਵਾ, 17 ਅਪਰੈਲ (ਪੋਸਟ ਬਿਊਰੋ) : ਫੈਡਰਲ ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਵੱਲੋਂ ਸੀਬੀਸੀ ਦੀ ਜਿਹੜੀ ਨੁਕਤਾਚੀਨੀ ਕੀਤੀ ਗਈ ਹੈ ਉਹ ਕੈਨੇਡੀਅਨ ਸੱਭਿਆਚਾਰ ਉੱਤੇ ਹੀ ਨਹੀਂ ਸਗੋਂ ਖਾਸਤੌਰ ਉੱਤੇ ਕਿਊਬਿਕ ਅਤੇ ਫਰੈਂਚ ਕਮਿਊਨਿਟੀ ਉੱਤੇ ਸਿੱਧਾ ਹਮਲਾ ਹੈ।

ਜ਼ਿਕਰਯੋਗ ਹੈ ਕਿ ਟਵਿੱਟਰ ਵੱਲੋਂ ਸੀਬੀਸੀ ਦੇ ਮੇਨ ਅਕਾਊਂਟ ਉੱਤੇ ਐਤਵਾਰ ਨੂੰ ਇਹ ਲੇਬਲ ਲਗਾ ਦਿੱਤਾ ਗਿਆ ਸੀ ਕਿ ਬ੍ਰਾਡਕਾਸਟਰ ਸਰਕਾਰ ਵੱਲੋਂ ਫੰਡ ਪ੍ਰਾਪਤ ਮੀਡੀਆ ਹੈ। ਫਰੈਂਚ ਵਿੱਚ ਇਸ ਮੁੱਦੇ ਉੱਤੇ ਗੱਲ ਕਰਦਿਆਂ ਜਗਮੀਤ ਸਿੰਘ ਨੇ ਉਕਤ ਗੱਲ ਆਖੀ। ਇਸ ਮਗਰੋਂ ਸੀਬੀਸੀ ਨੇ ਟਵਿੱਟਰ ਦੀ ਵਰਤੋਂ ਉੱਤੇ ਰੋਕ ਲਾਉਣ ਦਾ ਸੋਮਵਾਰ ਨੂੰ ਐਲਾਨ ਕਰ ਦਿੱਤਾ। ਜ਼ਿਕਰਯੋਗ ਹੈ ਕਿ ਸੀਬੀਸੀ ਨੂੰ ਸਾਲਾਨਾ ਟੈਕਸਦਾਤਾਵਾਂ ਦੇ ਪੈਸਿਆਂ ਵਿੱਚੋਂ ਇੱਕ ਬਿਲੀਅਨ ਡਾਲਰ ਹਾਸਲ ਹੁੰਦੇ ਹਨ ਪਰ ਉਨ੍ਹਾਂ ਵੱਲੋਂ ਇਸ ਠੱਪੇ ਨੂੰ ਗਲਤ ਦੱਸਿਆ ਗਿਆ ਹੈ ਕਿਉਂਕਿ ਉਹ ਆਪਣੀ ਐਡੀਟੋਰੀਅਲ ਆਜ਼ਾਦੀ ਨੂੰ ਮੇਨਟੇਨ ਕਰਦਾ ਹੈ ਤੇ ਇਹ ਫੰਡਿੰਗ ਪਾਰਲੀਆਮੈਂਟ ਵਿੱਚ ਵੋਟ ਕਰਵਾਏ ਜਾਣ ਤੋਂ ਬਾਅਦ ਹੀ ਉਸ ਨੂੰ ਹਾਸਲ ਹੋਈ ਹੈ।



ਦੂਜੇ ਪਾਸੇ ਪੌਲੀਏਵਰ ਵੱਲੋਂ ਇਸ ਫੰਡਿੰਗ ਨੂੰ ਖ਼ਤਮ ਕਰਨ ਦੀ ਲਗਾਤਾਰ ਗੱਲ ਕੀਤੀ ਜਾਂਦੀ ਰਹੀ ਹੈ। ਇੱਥੇ ਹੀ ਬੱਸ ਨਹੀਂ ਪਿਛਲੇ ਹਫਤੇ ਪੌਲੀਏਵਰ ਵੱਲੋਂ ਟਵਿੱਟਰ ਨੂੰ ਇੱਕ ਪੱਤਰ ਲਿਖ ਕੇ ਇਹ ਬੇਨਤੀ ਕੀਤੀ ਗਈ ਸੀ ਕਿ ਸੀਬੀਸੀ ਨਿਊਜ਼ ਉੱਤੇ ਸਰਕਾਰ ਵੱਲੋਂ ਫੰਡ ਪ੍ਰਾਪਤ ਮੀਡੀਆ ਦਾ ਠੱਪਾ ਲਗਾ ਦਿੱਤਾ ਜਾਵੇ। ਪਰ ਇਸ ਪੱਤਰ ਵਿੱਚ ਬ੍ਰਾਡਕਾਸਟਰ ਦੇ ਫਰੈਂਚ ਭਾਸ਼ਾ ਵਾਲੇ ਵਿੰਗ ਰੇਡੀਓ ਕੈਨੇਡਾ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।

ਜਗਮੀਤ ਸਿੰਘ ਨੇ ਆਖਿਆ ਕਿ ਇਹ ਆਜ਼ਾਦ ਪੱਤਰਕਾਰਾਂ ਉੱਤੇ ਹੀ ਹਮਲਾ ਨਹੀਂ ਹੈ ਸਗੋਂ ਕੈਨੇਡੀਅਨ ਸੱਭਿਆਚਾਰ ਉੱਤੇ ਹਮਲਾ ਹੈ। ਇੰਜ ਲੱਗ ਰਿਹਾ ਹੈ ਜਿਵੇਂ ਕੋਈ ਕਿਊਬਿਕ ਕਲਚਰ ਉੱਤੇ ਹਮਲਾ ਕਰ ਰਿਹਾ ਹੋਵੇ। ਦਿਨ ਵੇਲੇ ਬਲਾਕ ਕਿਊਬਿਕੁਆ ਦੇ ਆਗੂ ਯਵੇਸ ਫਰੈਂਕੋਇਸ ਬਲਾਂਸ਼ੇ ਨੇ ਵੀ ਟਵਿੱਟਰ ਉੱਤੇ ਆਖਿਆ ਕਿ ਪੌਲੀਏਵਰ ਗੰਦੀ ਵਿਚਾਰਧਾਰਕ ਖੇਡ, ਖੇਡ ਰਹੇ ਹਨ। ਉਹ ਸਿੱਧੇ ਤੌਰ ਉੱਤੇ ਫਰੈਂਚ ਭਾਸ਼ਾ ਬੋਲਣ ਵਾਲਿਆਂ ਤੇ ਜਾਣਕਾਰੀ ਹਾਸਲ ਕਰਨ ਦੇ ਅਧਿਕਾਰ ਉੱਤੇ ਨਿਸ਼ਾਨਾ ਸਾਧ ਰਹੇ ਹਨ। ਪ੍ਰਾਧਨ ਮੰਤਰੀ ਜਸਟਿਨ ਟਰੂਡੋ ਵੱਲੋਂ ਵੀ ਪੌਲੀਏਵਰ ਦੇ ਇਸ ਕਦਮ ਦੀ ਨਿਖੇਧੀ ਕੀਤੀ ਗਈ।

## ਅੱਜ ਨਾਮਾ

ਗਰਮੀ ਚੜ੍ਹਦੀ ਪੰਜਾਬ ਵਿੱਚ ਆਏ ਬੇਲੀ,
ਇਹਦੀ ਚੜ੍ਹਤ ਜਿਹੀ ਲੋਕ ਡਰਾਏ ਬੇਲੀ।
ਜਿਨ੍ਹਾਂ ਬਹਿਣਾ ਈ ਠੰਢਿਆਂ ਕਮਰਿਆਂ ’ਚ,
ਉਹ ਨਾ ਮੌਸਮ ਤੋਂ ਕਦੇ ਘਬਰਾਏ ਬੇਲੀ।
ਬਿਜਲੀ ਕੀਤੀ ਆ ਰਾਜ ਸਰਕਾਰ ਸਸਤੀ,
ਬਾਹਲਾ ਬਿੱਲ ਦਾ ਫਿਕਰ ਨਾ ਖਾਏ ਬੇਲੀ।
ਇਹ ਵੀ ਸਿਰਫ ਗਰੀਬ ਨੂੰ ਫਿਕਰ ਲਾਏ,
ਰੋਜ਼ੀ ਟੱਬਰ ਲਈ ਜਿਹੜਾ ਕਮਾਏ ਬੇਲੀ।
ਫਿਰ ਵੀ ਆਖੇ ਕਿਰਸਾਨ ਕਿ ਮਈ ਤੀਕਰ,
ਗਰਮੀ ਚੰਗੀ, ਪਰ ਬੱਦਲ ਨਾ ਆਏ ਬੇਲੀ।
ਦਾਣਾ ਦਾਣਾ ਵੀ ਕਣਕ ਦਾ ਵਿਕਣ ਤੀਕਰ,
ਮੁੜ ਮੁੜ ਮੌਸਮ ਨਹੀਂ ਰੰਗ ਵਟਾਏ ਬੇਲੀ।

**ਤੀਸ ਮਾਰ ਖਾਂ**

## ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਤੇ ਗਿਆਨੀ ਜ਼ੈਲ ਸਿੰਘ ਜੀ ਦੀ ਜਨਮ ਸਤਾਬਦੀ ਮਨਾਉਣ ਲਈ ਮੀਟਿੰਗ

ਚੰਡੀਗੜ੍ਹ, 17 ਅਪ੍ਰੈਲ (ਗਿਆਨ ਸਿੰਘ): ਚੰਡੀਗੜ੍ਹ ਵਿਖੇ ਇਕ ਵਿਸੇਸ਼ ਮੀਟਿੰਗ ਮਹਾਰਾਜਾ ਸ. ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਪਅਤੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ 107ਵੇਂ ਜਨਮ ਦਿਨ ਨੂੰ ਮਨਾਉਣ ਲਈ ਰੱਖੇ ਪ੍ਰੋਗਰਾਮ ਅਨੁਸਾਰ 5 ਮਈ ਨੂੰ ਲੁਧਿਆਣਾ ਦੇ ਗੁਰੂ ਨਾਨਕ ਦੇਵ ਭਵਨ ਵਿੱਚ ਮਨਾਉਣ ਲਈ ਸਾਰਾ ਪ੍ਰੋਗਰਾਮ ਉਲੀਕਣ ਲਈ ਹਰਚਰਨ ਸਿੰਘ ਰਣੌਤਾ, ਸਾਬਕਾ ਮੰਤਰੀ ਮਲਕੀਤ ਸਿੰਘ ਬੀਰਮੀ, ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ ਦੇ ਪੋਤਰੇ ਇੰਦਰਜੀਤ ਸਿੰਘ ਖੀਵਾ ਬੱਬੂ, ਹਰਦੇਵ ਸਿੰਘ ਕੌਂਸਲ ਪ੍ਰਧਾਨ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ, ਸ੍ਰੀ ਮਾਤਾ ਰਾਮ ਧੀਮਾਨ, ਜਸਪਾਲ ਸਿੰਘ ਖੀਵਾ ਚੇਅਰਮੈਨ ਪੰਜਾਬ ਆਲ ਇੰਡੀਆ ਬੈਕਵਰਡ ਕਲਾਸ ਫੈਡਰੇਸ਼ਨ,ਸ ਕਰਮ ਸਿੰਘ ਮੋਹਾਲੀ ਨੇ ਸਾਰੇ ਪ੍ਰਬੰਧਾਂ ਨੂੰ ਨੇਪਰੇ ਚਾੜ੍ਹਨ ਲਈ ਡਿਉਟੀਆਂ ਲਗਾਈਆਂ ਅਤੇ ਪ੍ਰੈੱਸ ਕਾਨਫਰੰਸ ਕੀਤੀ।



## ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਸਾਰੇ ਸਿਵਲ ਕੰਮ ਜੁਲਾਈ ਤੱਕ ਮੁਕੰਮਲ ਹੋਣ ਦੀ ਸੰਭਾਵਨਾ : ਈ.ਟੀ.ਓ

ਹਲਵਾਰਾ (ਲੁਧਿਆਣਾ), 17 ਅਪ੍ਰੈਲ (ਗਿਆਨ ਸਿੰਘ) : ਬੀਤੇ ਦਿਨ ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਵਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡੇ ਦੀ ਉਸਾਰੀ ਜੁਲਾਈ 2023 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਸਾਰੇ ਨਿਰਮਾਣ ਕਾਰਜਾਂ ਦੇ ਟੈਂਡਰ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਵੱਲੋਂ ਪਹਿਲਾਂ ਹੀ ਅਲਾਟ ਕੀਤੇ ਜਾ ਚੁੱਕੇ ਹਨ। .

ਇਸ ਦਾ ਗੱਲ ਦਾ ਪ੍ਰਗਟਾਵਾ ਉਨ੍ਹਾਂ ਹਲਵਾਰਾ ਵਿਖੇ ਉਸਾਰੀ ਅਧੀਨ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਚੱਲ ਰਹੇ ਨਿਰਮਾਣ ਕਾਰਜ਼ਾਂ ਦਾ ਨਿਰੀਖਣ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਨਾਲ ਹਲਕਾ ਰਾਏਕੋਟ ਦੇ ਵਿਧਾਇਕ ਹਾਕਮ ਸਿੰਘ ਠੇਕੇਦਾਰ, ਡਿਪਟੀ ਕਮਿਸ਼ਨਰ ਸੁਰਭੀ ਮਲਿਕ, ਲੁਧਿਆਣਾ (ਦਿਹਾਤੀ) ਦੇ ਐਸ.ਐਸ.ਪੀ. ਨਵਨੀਤ ਸਿੰਘ ਬੈਂਸ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ 46.91 ਕਰੋੜ ਰੁਪਏ ਦੀ ਲਾਗਤ ਵਾਲੇ ਸਿਵਲ ਕਾਰਜ਼ ਸ਼ੁਰੂ ਹੋ ਚੁੱਕੇ ਹਨ। ਇਨ੍ਹਾਂ ਕੰਮਾਂ ਵਿੱਚ ਅੰਦਰੂਨੀ ਸੜਕਾਂ ਦਾ ਨਿਰਮਾਣ, ਟੈਕਸੀ ਵੇਅ, ਏਪਰਨ, ਅਸਟੇਟ ਪਬਲਿਕ ਹੈਲਥ ਸਰਵਿਸਿਜ਼, ਕੈਂਪਸ ਲਾਈਟਿੰਗ ਅੰਤਰਿਮ ਏਅਰਪੋਰਟ, ਟਰਮੀਨਲ ਬਿਲਡਿੰਗ, ਸਬ ਸਟੇਸ਼ਨ, ਟਾਇਲਟ ਬਲਾਕ, ਪਾਰਕਿੰਗ ਆਦਿ ਸ਼ਾਮਲ ਹਨ।

ਹਲਵਾਰਾ ਹਵਾਈ ਅੱਡੇ ਨੂੰ ਮੁੱਖ ਮੰਤਰੀ ਭਗਵੰਤ ਮਾਨ ਦਾ ਪ੍ਰਮੁੱਖ ਪ੍ਰਾਜੈਕਟ ਦੱਸਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਏਅਰਪੋਰਟ ਤੋਂ ਜਲਦ ਤੋਂ ਜਲਦ ਉਡਾਣਾਂ ਸ਼ੁਰੂ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨਾਲ ਇਸ ਖੇਤਰ ਦੇ ਸਰਵਪੱਖੀ ਵਿਕਾਸ ਦਾ ਰਾਹ ਪੱਧਰਾ ਹੋਵੇਗਾ। ਇਸ ਤੋਂ ਇਲਾਵਾ ਲੁਧਿਆਣਾ ਅਤੇ ਹੋਰ ਆਸ ਪਾਸ ਦੇ ਜ਼ਿਲ੍ਹਿਆਂ ਦੇ ਉਦਯੋਗ ਲਈ ਵੀ ਬੇਹੱਦ ਲਾਹੇਵੰਦ ਸਿੱਧ ਹੋਵੇਗਾ।






















# ਕੀ ਮਰਦ ਵੀ ਹੁੰਦੇ ਹਨ ਘਰੇਲੂ ਹਿੰਸਾ ਦਾ ਸ਼ਿਕਾਰ !





ਹਰਕੀਰਤ ਕੌਰ

ਮਰਦ ਅਤੇ ਔਰਤ ਸਮਾਜ ਦੇ ਦੋ ਅਜਿਹੇ ਥੰਮ ਹਨ ਜਿੰਨਾਂ ਦੀ ਮਹੱਤਤਾ ਬਰਾਬਰ ਹੈ। ਇੱਕ ਦੀ ਅਣਹੋਂਦ ਨਾਲ ਸਮਾਜ ਦੀ ਹੋਂਦ ਨੂੰ ਬਰਕਰਾਰ ਰੱਖਣਾ ਮੁਸ਼ਕਿਲ ਹੀ ਨਹੀਂ ਨਾਮੁਮਕਿਨ ਹੈ। ਇਹਨਾਂ ਦੋਵਾਂ ਜੀਵਾਂ ਦੀ ਹੋਂਦ ਨਾਲ ਹੀ ਧਰਤੀ ਉੱਪਰ ਜੀਵਨ ਆਬਾਦ ਹੈ। ਕੇਵਲ ਸਮਾਜਿਕ ਹੀ ਨਹੀਂ ਬਲਿਕ, ਭਾਵਨਾਤਮਕ, ਆਰਥਿਕ, ਰਾਜਨੀਤਕ ਹਰ ਖੇਤਰ ਵਿੱਚ ਔਰਤ ਅਤੇ ਮਰਦ ਦੀ ਮਹੱਤਤਾ ਅਤੇ ਭੂਮਿਕਾ ਬਰਾਬਰ ਹੈ। ਮਰਦ ਅਤੇ ਔਰਤ ਬਿਨਾਂ ਜਿੱਥੇ ਸਮਾਜ ਦੀ ਸਿਰਜਣਾ ਅਤੇ ਵਿਕਾਸ ਸੰਭਵ ਨਹੀਂ, ਉੱਥੇ ਬਹੁਤ ਸਾਰੀਆਂ ਮੁਸ਼ਕਿਲਾਂ ਲਈ ਇਹ ਵਿਰੋਧੀ ਲਿੰਗ ਇੱਕ ਦੂਸਰੇ ਨੂੰ ਜਿੰਮੇਵਾਰ ਠਹਿਰਾਉਂਦੇ ਹਨ।

ਜਦੋਂ ਗੱਲ ਘਰੇਲੂ ਹਿੰਸਾ ਦੀ ਆਉਂਦੀ ਹੈ ਤਾਂ ਇੱਕ ਅੜੀਅਲ ਧਾਰਨਾ ਬਣੀ ਹੋਈ ਹੈ ਕਿ ਜ਼ਿਆਦਾਤਰ ਔਰਤਾਂ ਹਿੰਸਾ ਦਾ ਅਨੁਭਵ ਕਰਦੀਆਂ ਹਨ ਇਸ ਲਈ ਲੋਕ ਘਰੇਲੂ ਹਿੰਸਾ ਨੂੰ ਲਿੰਗ-ਵਿਸ਼ੇਸ਼ ਸਮਝਦੇ ਹਨ।ਜੋ ਕਿ ਸਹੀ ਨਹੀਂ ਹੈ। ਭਾਰਤ ਇੱਕ ਪੁਰਸ਼-ਪ੍ਰਧਾਨ ਸਮਾਜ ਹੈ, ਇਸ ਲਈ ਇਹ ਵਿਸ਼ਵਾਸ ਕਰਨਾ ਅਕਸਰ ਔਖਾ ਹੁੰਦਾ ਹੈ ਕਿ ਮਰਦ ਵੀ ਘਰੇਲੂ ਹਿੰਸਾ ਦਾ ਸ਼ਿਕਾਰ ਹੋ ਸਕਦੇ ਹਨ।

ਇੱਕ ਸਰਵੇਖਣ ਦੇ ਦੌਰਾਨ 21-49 ਸਾਲ ਦੀ ਉਮਰ ਦੇ ਵੱਖ-ਵੱਖ ਉਮਰ ਸਮੂਹਾਂ ਵਿੱਚ 1000 ਵਿਆਹੇ ਪੁਰਸ਼ਾਂ ਉੱਪਰ ਇੱਕ ਅਧਿਐਨ ਕੀਤਾ ਗਿਆ ਜਿਸ ਵਿੱਚ 52.4% ਪੁਰਸ਼ ਭਾਰਤ ਵਿੱਚ ਲਿੰਗ-ਅਧਾਰਤ ਹਿੰਸਾ ਦਾ ਸ਼ਿਕਾਰ ਹੁੰਦੇ ਹਨ। 51.5% ਮਰਦਾਂ ਨੇ ਆਪਣੇ ਜੀਵਨ ਕਾਲ ਵਿੱਚ ਆਪਣੀਆਂ ਪਤਨੀਆਂ ਦੁਆਰਾ ਕਿਸੇ ਕਿਸਮ ਦੇ ਤਸੀਹੇ ਜਾਂ ਹਿੰਸਾ ਦਾ ਸਾਹਮਣਾ ਕੀਤਾ ਹੈ। ਮਰਦਾਂ ਵਿਰੁੱਧ ਸਭ ਤੋਂ ਆਮ ਘਰੇਲੂ ਹਿੰਸਾ ਭਾਵਨਾਤਮਕ ਹਿੰਸਾ ਹੈ ਅਤੇ ਸਰੀਰਕ ਹਿੰਸਾ ਮਰਦਾਂ ਵਿਰੁੱਧ ਦੂਜੀ ਸਭ ਤੋਂ ਆਮ ਘਰੇਲੂ ਹਿੰਸਾ ਹੈ।

ਸੰਯੁਕਤ ਰਾਜ ਅਮਰੀਕਾ ਵਿੱਚ 9 ਵਿੱਚੋਂ 1 ਪੁਰਸ਼ ਆਪਣੀਆਂ ਪਤਨੀਆਂ ਤੋਂ ਕਿਸੇ ਕਿਸਮ ਦੀ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦਾ ਹੈ। ਜਦੋਂ ਕਿ ਯੂਨਾਈਟਿਡ ਕਿੰਗਡਮ ਵਿੱਚ, ਘਰੇਲੂ ਹਿੰਸਾ ਦੇ ਸ਼ਿਕਾਰ ਪੰਜ ਵਿੱਚੋਂ ਦੋ ਪੁਰਸ਼ ਹਨ।

ਇਹ ਅੰਕੜੇ ਇਹ ਸਿੱਧ ਕਰਦੇ ਹਨ ਕਿ ਕੇਵਲ ਭਾਰਤ ਵਰਗੇ ਵਿਕਾਸਸ਼ੀਲ ਹੀ ਨਹੀਂ ਬਲਕਿ ਅਮਰੀਕਾ, ਇੰਗਲੈਂਡ ਵਰਗੇ ਵਿਕ-ਸਿਤ ਦੇਸ਼ਾਂ ਵਿੱਚ ਵੀ ਇਹ ਹਿੰਸਾ ਪਾਈ ਜਾਂਦੀ ਹੈ। ਸਿੱਖਿਆ ਦੀ ਘਾਟ, ਮੱਧ-ਵਰਗ ਦੀਆਂ ਕਦਰਾਂ-ਕੀਮਤਾਂ, ਇੱਕ ਵਿਅਕਤੀ ਦੀ ਜਿਆਦਾ ਆਮਦਨ, ਆਦਿ ਹਿੰਸਾ ਦੇ ਮੁੱਖ ਕਾਰਨ ਹਨ । ਇੱਕ ਸਭ ਤੋਂ ਵੱਡੀ ਤ੍ਰਾਸਦੀ ਇਸ ਗੱਲ ਦੀ ਵੀ ਹੈ ਕਿ ਭਾਰਤੀ ਸਮਾਜ ਵਿੱਚ ਜੇਕਰ ਮਰਦ ਘਰੇਲੂ ਹਿੰਸਾ ਦੇ ਸ਼ਿਕਾਰ ਹੋਣ ਦੀ ਸ਼ਿਕਾਇਤ ਕਰਦੇ ਹਨ ਜਾਂ ਮੁੱਦਾ ਉਠਾਉਂਦੇ ਹਨ ਤਾਂ,ਉਹਨਾ ਨੂੰ ਮਜ਼ਾਕ ਦੇ ਪਾਤਰ ਬਣਾਇਆ ਜਾਂਦਾ ਹੈ,ਏਥੋਂ ਤੱਕ ਕਿ ਪਰਿਵਾਰ ਆਪਣੇ ਪਰਿਵਾਰਿਕ ਮੈਂਬਰ ਦਾ ਸਾਥ ਦੇਣ ਦੀ ਬਜਾਇ ਉਸਨੂੰ ਚੁੱਪ ਰਹਿਣ ਦੀ ਹਦਾਇਤ ਕਰਦੇ ਹਨ ਅਤੇ ਇਸ ਹਿੰਸਾ ਵਿਰੁੱਧ ਕੋਈ ਕਦਮ ਚੁੱਕਣ ਨੂੰ ਆਪਣੀ ਹੀਣਤਾ ਸਮਝਦੇ ਹਨ। ਇੰਡੀਅਨ ਪੈਨਲ ਕੋਡ 1860 ਦੀ ਧਾਰਾ 498ਏ ਦੇ ਅਨੁਸਾਰ, ਸਿਰਫ ਇੱਕ ਆਦਮੀ ਨੂੰ ਆਪਣੀ ਪਤਨੀ ਨਾਲ ਬੇਰਹਿਮੀ ਲਈ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਕਾਨੂੰਨ ਵਿੱਚ ਕੋਈ ਉਪ ਧਾਰਾ ਜਾਂ ਕੋਈ ਉਪਬੰਧ ਨਹੀਂ ਦਿੱਤਾ ਗਿਆ ਹੈ ਜੋ ਘਰੇਲੂ ਹਿੰਸਾ ਲਈ ਇੱਕ ਔਰਤ ਨੂੰ ਜ਼ਿੰਮੇਵਾਰ ਬਣਾਉਂਦਾ ਹੈ। ਜਦੋਂ ਮਰਦ ਖੁੱਲ੍ਹ ਕੇ ਦੱਸਣ ਦੀ ਕੋਸ਼ਿਸ਼ ਕਰਦੇ ਹਨ ਅਤੇ ਉਨ੍ਹਾਂ ਨੂੰ ਝੱਲ ਰਹੇ ਤਸ਼ੱਦਦ ਅਤੇ ਸਰੀਰਕ ਹਿੰਸਾ ਬਾਰੇ ਦੱਸਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਕੋਈ ਵੀ ਉਨ੍ਹਾਂ ਦੀ ਗੱਲ ਨਹੀਂ ਸੁਣਦਾ, ਇੱਥੋਂ ਤੱਕ ਕਿ ਪ੍ਰਸ਼ਾਸ਼ਨ ਵੀ ਨਹੀਂ। ਇੱਕ ਆਦਮੀ ਦੁਆਰਾ ਘਰੇਲੂ ਹਿੰਸਾ ਬਾਰੇ ਸ਼ਿਕਾਇਤ ਕੀਤੇ ਜਾਣ ਤੇ ਅਕਸਰ ਭਾਰਤੀ ਸਮਾਜ ਦੁਆਰਾ ਉਸ ਆਦਮੀ ਨੂੰ 'ਕਮਜ਼ੋਰ' ਵਜੋਂ ਦਰਸਾਇਆ ਜਾਂਦਾ ਹੈ।

ਇਹ ਇਸ ਪ੍ਰਚਲਿਤ ਧਾਰਨਾ ਨੂੰ ਰੱਦ ਕਰਦਾ ਹੈ ਕਿ ਸਿਰਫ਼ ਔਰਤਾਂ ਹੀ ਘਰੇਲੂ ਹਿੰਸਾ ਦਾ ਸ਼ਿਕਾਰ ਹੋ ਸਕਦੀਆਂ ਹਨ। ਮਰਦਾਂ ਦੇ ਅਧਿਕਾਰਾਂ ਦੀ ਮੁਹਿੰਮ ਸਮੂਹ ਦੇ ਅਨੁਸਾਰ ਮਰਦਾਂ ਵਿਰੁੱਧ ਘਰੇਲੂ ਹਿੰਸਾ ਵੱਲ ਅਕਸਰ ਕਿਸੇ ਦਾ ਧਿਆਨ ਨਹੀਂ ਜਾਂਦਾ ਅਤੇ ਜ਼ਿਆਦਾਤਰ ਪ੍ਰਸ਼ਾਸ਼ਨ ਦੁਆਰਾ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਨਹੀਂ ਕੀਤੀ ਜਾਂਦੀ।

ਮਰਦ ਅਤੇ ਔਰਤ ਸਮਾਜਿਕ ਉਸਾਰੀ ਦੇ ਮਜਬੂਤ ਥੰਮ੍ਹ ਹਨ।ਇਹ ਅਕਸਰ ਨਸਲ, ਜਾਤ, ਦੇਸ਼, ਵਰਗ, ਸੱਭਿਆਚਾਰ, ਜਿਨਸੀ ਤਰਜੀਹ, ਯੋਗਤਾ, ਰੀਤੀ ਰਿਵਾਜ ਆਦਿ ਦੁਆਰਾ ਪ੍ਰਭਾਵਿਤ ਹੁੰਦੇ ਹੈ। ਪਰ ਸਮਾਜ ਦੀ ਇਕਸ-ਾਰਤਾ, ਵਾਧੇ ਅਤੇ ਵਿਕਾਸ ਲਈ ਦੋਨਾਂ ਧਿਰਾਂ ਦਾ ਬਰਾਬਰ ਸਤਿਕਾਰ ਕਰਨਾ ਲਾਜ਼ਮੀ ਹੈ। ਆਪਣੀ ਪ੍ਰਧਾਨਗੀ ਜਾਂ ਸਰਵਉੱਚਤਾ ਨੂੰ ਦਰਸਾਉਣ ਜਾਂ ਪ੍ਰਗਟ ਕਰਨ ਲਈ ਕਿਸੇ ਵੀ ਲਿੰਗ ਨੂੰ ਮੋਹਰਾ ਬਣਾਉਣਾ ਜਾਂ ਉਸ ਉੱਪਰ ਅੱਤਿਆਚਾਰ ਕਰਨਾ ਸਰਾਸਰ ਗਲਤ ਹੈ। ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਰਕਾਰ, ਸਮਾਜ ਅਤੇ ਪਰਿਵਾਰ ਹਰੇਕ ਨੂੰ ਆਪਣੀ ਜ਼ਿੰਮੇਵਾਰੀ ਸਮਝਣ ਦੀ ਜਰੂਰਤ ਹੈ। ਜਿੱਥੇ ਔਰਤਾਂ ਦੀ ਰੱਖਿਆ ਲਈ ਅਨੇਕਾਂ ਕਾਨੂੰਨ ਹਨ , ਉੱਥੇ ਮਰਦ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵੀ ਕਾਨੂੰਨ ਹੋਣੇ ਚਾਹੀਦੇ ਹਨ। ਸਮਾਜ ਅਤੇ ਪਰਿਵਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਜੇਕਰ ਕੋਈ ਮਰਦ ਸਰੀਰਕ, ਮਾਨਸਿਕ, ਭਾਵਨਾਤਮਕ ਕਿਸੇ ਵੀ ਤਰ੍ਹਾਂ ਦੀ ਹਿੰਸਾ ਦਾ ਜਾਂ ਤਸ਼ਦੱਦ ਦਾ ਸ਼ਿਕਾਰ ਹੋ ਰਿਹਾ ਹੈ ਤਾਂ ਉਸਦੀ ਆਵਾਜ਼ ਨੂੰ ਦਬਾਉਣ ਦੀ ਥਾਂ, ਜਾਂ ਉਸਨੂੰ ਮਜ਼ਾਕ ਦਾ ਪਾਤਰ ਬਣਾਉਂਣ ਦੀ ਥਾਂ ਉਸਦਾ ਸਾਥ ਦਿੱਤਾ ਜਾਵੇ। ਉਸਦੀ ਮੁਸ਼ਕਿਲ ਨੂੰ ਸਮਝਦੇ ਹੋਏ ਉਸਦੀ ਮੁਸ਼ਕਿਲ ਦਾ ਹੱਲ ਕੱਢਿਆ ਜਾਵੇ, ਇਸ ਤਰ੍ਹਾਂ ਹੀ ਅਸੀਂ ਇੱਕ ਅਜਿਹਾ ਸਮਾਜ ਸਿਰਜਣ ਵਿੱਚ ਕਾਮਯਾਬ ਹੋ ਸਕਾਂਗੇ ਜਿੱਥੇ ਮਰਦ ਅਤੇ ਔਰਤ ਦੋਵੇਂ ਸੁਰੱਖਿਅਤ ਹੋਣਗੇ, ਅਤੇ ਬਿਨਾਂ ਇੱਕ ਦੂਸਰੇ ਦੇ ਭੈਅ ਅਤੇ ਖੌਫ਼ ਤੋਂ ਇੱਕ ਚੰਗਾ ਜੀਵਨ ਬਸਰ ਕਰ ਸਕਣਗੇ।

# ਕਿਵੇਂ ਸਮਾਰਟਫ਼ੋਨ ਇੱਕ ਗਲੋਬਲ ਸਟੇਟਸ ਸਿੰਬਲ ਬਣ ਗਏ

ਅੱਜ, ਸਭ ਤੋਂ ਉਪਰ ਇੱਕ ਖਪਤਕਾਰ ਉਤਪਾਦ ਸਾਡੀ ਸਮਾਜਿਕ ਸਥਿਤੀ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ - ਸਮਾਰਟਫੋਨ। ਜੇ ਤੁਸੀਂ ਕਿਸੇ ਵਿਅਕਤੀ ਦੀ ਸ਼ਖਸੀਅਤ, ਨੌਕਰੀ ਜਾਂ ਆਮਦਨੀ 'ਤੇ ਬਿਜਲੀ-ਤੇਜ਼ ਨਿਰਣਾ ਕਰਨਾ ਚਾਹੁੰਦੇ ਹੋ, ਤਾਂ ਇਸ ਤੋਂ ਵਧੀਆ ਕੋਈ ਸੰਕੇਤਕ ਨਹੀਂ ਹੈ। ਇੱਕ 'ਸਟੇਟਸ ਸਿੰਬਲ' ਕੋਈ ਵੀ ਵਸਤੂ ਹੈ ਜਿਸਦੀ ਵਰਤੋਂ ਅਸੀਂ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਆਪਣੀ ਸਮਾਜਿਕ ਸਥਿਤੀ ਅਤੇ ਆਰਥਿਕ ਸਫਲਤਾ ਦਾ ਪ੍ਰਸਾਰਣ ਕਰਨ ਲਈ ਕਰਦੇ ਹਾਂ। ਇਸ ਸਮੇਂ, ਇੱਥੇ ਬਹੁਤ ਘੱਟ ਸਵਾਲ ਹੈ ਕਿ ਸਮਾਰਟਫ਼ੋਨ ਹੁਣ ਤੱਕ ਬਣਾਏ ਗਏ ਸਭ ਤੋਂ ਸ਼ਕਤੀਸ਼ਾਲੀ ਸਥਿਤੀ ਸੰਕੇਤਕਾਂ ਵਿੱਚੋਂ ਇੱਕ ਹਨ। ਪਰ ਚੀਜ਼ਾਂ ਹਮੇਸ਼ਾ ਇਸ ਤਰ੍ਹਾਂ ਨਹੀਂ ਰਹੀਆਂ। ਲਗਜ਼ਰੀ ਉਤਪਾਦਾਂ ਦਾ ਇਤਿਹਾਸ ਸਦੀਆਂ ਪੁਰਾਣਾ ਹੈ, ਅਤੇ ਸਮਾਰਟਫੋਨ ਕਿਸੇ ਵੀ ਤਰ੍ਹਾਂ ਯੂਨੀਵਰਸਲ ਸਟੇਟਸ ਸਿੰਬਲ ਦੀ ਭੂਮਿਕਾ ਨੂੰ ਮੰਨਣ ਵਾਲੀ ਤਕਨੀਕ ਦਾ ਪਹਿਲਾ ਹਿਸਾ ਨਹੀਂ ਹੈ। ਸਮਾਜਿਕ ਸਥਿਤੀ ਦੇ ਚਿੰਨ੍ਹ ਵਜੋਂ ਸਮਾਰਟਫ਼ੋਨ ਇੰਨਾ ਪ੍ਰਭਾਵਸ਼ਾਲੀ ਕਿਵੇਂ ਬਣ ਗਿਆ। ਅਜਿਹਾ ਕਰਨ ਲਈ, ਅਸੀਂ ਤੇਜ਼ੀ ਨਾਲ ਧਿਆਨ ਦੇਣ ਵਾਲੀ ਖਪਤ ਤਕਨਾਲੋਜੀ ਦੇ ਇਤਿਹਾਸ ਨੂੰ ਰੀਕੈਪ ਕਰਾਂਗੇ, ਅਤੇ ਇਹ ਵੀ ਜਾਂਚ ਕਰਾਂਗੇ ਕਿ ਵੱਧ ਤੋਂ ਵੱਧ ਪ੍ਰਭਾਵ ਪ੍ਰਾਪਤ ਕਰਨ ਲਈ ਅਗਲਾ ਗੈਜੇਟ ਕਿਹੋ ਜਿਹਾ ਦਿਖਾਈ ਦੇ ਸਕਦਾ ਹੈ। ਸਥਿਤੀ ਉਤਪਾਦ ਦਾ ਇੱਕ ਤੇਜ਼ ਇਤਿਹਾਸ ਖਪਤਵਾਦ ਸੈਂਕੜੇ ਸਾਲਾਂ ਤੋਂ ਸਮਾਜਿਕ ਸਥਿਤੀ ਨਾਲ ਜੁੜਿਆ ਹੋਇਆ ਹੈ। ਲਗਜ਼ਰੀ ਜਾਂ ਮਹਿੰਗੇ ਉਤਪਾਦਾਂ ਦਾ ਮਾਲਕ ਹੋਣਾ ਤੁਹਾਡੀ ਦੌਲਤ ਨੂੰ ਪ੍ਰਦਰਸ਼ਿਤ ਕਰਨ ਦਾ ਇੱਕ ਸੁਵਿਧਾਜਨਕ ਤਰੀਕਾ ਹੈ — ਇਹ ਦਿਖਾਉਂਦਾ ਹੈ ਕਿ ਤੁਸੀਂ ਮਹੱਤਵਪੂਰਨ ਖਰੀਦ ਸ਼ਕਤੀ ਰੱਖਦੇ ਹੋ ਅਤੇ ਉਪਲਬਧ ਸਭ ਤੋਂ ਵਧੀਆ ਚੀਜ਼ਾਂ ਖਰੀਦਣ ਦੀ ਸਮਰੱਥਾ ਰੱਖ ਸਕਦੇ ਹੋ। ਹਰ ਸਮਾਜ ਵਿੱਚ, ਅਮੀਰ ਲੋਕਾਂ ਨੇ ਆਪਣੀ ਵਿੱਤੀ ਤਾਕਤ ਨੂੰ ਹੋਰ ਮਹਿੰਗੀਆਂ ਚੀਜ਼ਾਂ ਖਰੀਦਣ ਲਈ ਵਰਤਿਆ ਹੈ। ਹਾਲਾਂਕਿ, ਇਹ 19 ਵੀਂ ਸਦੀ ਤੱਕ ਨਹੀਂ ਸੀ ਕਿ ਲੋਕਾਂ ਨੂੰ ਆਪਣੀ ਅਮੀਰੀ ਦਾ ਪ੍ਰਦਰਸ਼ਨ ਕਰਨ ਲਈ ਪੂਰੀ ਤਰ੍ਹਾਂ ਹੋਰ ਚੀਜ਼ਾਂ ਖਰੀਦਣ ਦੇ ਤੌਰ 'ਤੇ ਦਸਤਾਵੇਜ਼ੀ ਰੂਪ ਵਿੱਚ ਦਰਜ ਕੀਤਾ ਗਿਆ ਸੀ। ਅਜਿਹੇ ਵਿਵਹਾਰ ਦਾ ਨਾਮ 'ਸਪਸ਼ਟ ਖਪਤ' ਹੈ, ਇੱਕ ਸ਼ਬਦ ਜਿਸਦੀ ਖੋਜ ਇੱਕ ਪ੍ਰਭਾਵਸ਼ਾਲੀ ਅਰਥਸ਼ਾਸਤਰੀ ਦੁਆਰਾ 1899 ਵਿੱਚ ਕੀਤੀ ਗਈ ਸੀ। ਪਹਿਲਾਂ, ਸਪੱਸ਼ਟ ਖਪਤ ਵਿੱਚ ਬੁਨਿਆਦੀ ਵਸਤੂਆਂ ਸ਼ਾਮਲ ਹੁੰਦੀਆਂ ਸਨ। ਖਪਤਕਾਰ ਇਹ ਦਰਸਾਉਣ ਲਈ ਲੋੜ ਤੋਂ ਵੱਧ ਖਰੀਦ ਕਰਨਗੇ ਕਿ ਉਨ੍ਹਾਂ ਕੋਲ ਬਚਣ ਲਈ ਪੈਸੇ ਹਨ। ਪਰ ਜਿਵੇਂ-ਜਿਵੇਂ ਸਮਾਜਕ ਵਰਗਾਂ ਵਿਚਕਾਰ ਜਾਣਾ ਸੌਖਾ ਹੋ ਗਿਆ, ਉਚਿਤ ਖਪਤ ਬਦਲ ਗਈ। ਲੋਕਾਂ ਨੇ ਲਗਜ਼ਰੀ ਉਤਪਾਦਾਂ ਦੀ ਭਾਲ ਸ਼ੁਰੂ ਕਰ ਦਿੱਤੀ ਜਿਨ੍ਹਾਂ ਦੀ ਪਛਾਣ ਉਚ ਸ਼੍ਰੇਣੀਆਂ ਜਿਵੇਂ ਕਿ ਬ੍ਰਾਂਡ ਨਾਮ ਦੇ ਕੱਪੜੇ ਅਤੇ ਆਯਾਤ ਕੀਤੇ ਗਹਿਣਿਆਂ ਨਾਲ ਕੀਤੀ ਗਈ ਸੀ। ਇਹ ਪਹਿਲੇ 'ਸਟੇਟਸ ਸਿੰਬਲ' ਉਤਪਾਦ ਸਨ। ਪਹਿਲੇ ਤਕਨੀਕੀ ਆਈਕਾਨ ਲਗਜ਼ਰੀ ਵਸਤੂਆਂ ਲਗਾਤਾਰ ਬਦਲ ਰਹੀਆਂ ਹਨ ਅਤੇ, ਸ਼ੁਰੂ ਵਿੱਚ, ਇੱਕ ਸਥਿਤੀ ਪ੍ਰਤੀਕ ਦੀ ਪਰਿਭਾਸ਼ਾ ਸਥਾਨਕ ਸੱਭਿਆਚਾਰ ਅਤੇ ਸੁਆਦ 'ਤੇ ਬਹੁਤ ਜ਼ਿਆਦਾ ਨਿਰਭਰ ਸੀ। ਪਰ, ਵਧੇ ਹੋਏ ਗਲੋਬਲ ਵਪਾਰ ਦੇ ਨਾਲ, ਇਹ ਸਭ ਬਦਲ ਗਿਆ ਕਿਉਂਕਿ ਦੁਨੀਆ ਭਰ ਦੇ ਖਪਤਕਾਰਾਂ ਨੇ ਇੱਕੋ ਉਤਪਾਦਾਂ ਤੱਕ ਪਹੁੰਚ ਪ੍ਰਾਪਤ ਕੀਤੀ। ਕਾਰਾਂ ਅਤੇ, ਬਾਅਦ ਵਿੱਚ, ਟੀਵੀ ਅਤੇ ਵੀਸੀਆਰ ਪਲੇਅਰ ਵਰਗੀਆਂ ਵੱਡੀਆਂ-ਟਿਕਟ ਵਾਲੀਆਂ ਚੀਜ਼ਾਂ 20ਵੀਂ ਸਦੀ ਦੇ ਸਭ ਤੋਂ ਪ੍ਰਭਾਵਸ਼ਾਲੀ ਵਿਸ਼ਵਵਿਆਪੀ ਸਥਿਤੀ ਉਤਪਾਦ ਬਣ ਗਈਆਂ। ਸਮਾਰਟਫੋਨ ਦੇ ਯੁੱਗ ਤੋਂ ਪਹਿਲਾਂ, ਹੋਰ ਪੋਰਟੇਬਲ ਖਪਤਕਾਰ ਉਤਪਾਦ ਜਿਵੇਂ ਕਿ ਨਿੱਜੀ ਡਿਜੀਟਲ ਅਸਿਸਟੈਂਟਸ (ਫਧਓਸ) ਅੰਤਮ ਤਕਨੀਕੀ ਸਥਿਤੀ ਪ੍ਰਤੀਕ ਸਨ। ਇਹਨਾਂ ਵਿੱਚੋਂ ਇੱਕ ਪਹਿਲੀ ਅਤੇ ਸਭ ਤੋਂ ਵੱਧ ਪ੍ਰਸਿੱਧ ਪਾਮਪ-ਾਇਲਟ ਸੀ ਜੋ ਅਸਲ ਵਿੱਚ 1997 ਵਿੱਚ ਲਾਂਚ ਕੀਤੀ ਗਈ ਸੀ। ਇੱਕ ਆਧੁਨਿਕ ਫ਼ੋਨ ਦੀ ਇੱਕ ਹਜ਼ਾਰ ਤੋਂ ਘੱਟ ਮੈਮੋਰੀ ਸਮਰੱਥਾ ਦੇ ਨਾਲ, ਫਅਲਮਫਿਲੋਟ ਕੇਵਲ ਸਟੋਰ ਸੰਪਰਕ ਜਾਣਕਾਰੀ, ਈਮੇਲ ਭੇਜਣਾ ਅਤੇ ਕੈਲੰਡਰਾਂ ਦਾ ਪ੍ਰਬੰਧਨ ਕਰਨ ਵਰਗੀਆਂ ਬੁਨਿਆਦੀ ਚੀਜ਼ਾਂ ਕਰ ਸਕਦਾ ਹੈ। ਫਿਰ ਵੀ, ਇਹਨਾਂ ਵਿੱਚੋਂ ਇੱਕ ਫਧਓ ਦਾ ਮਾਲਕ ਹੋਣਾ ਸਥਿਤੀ ਦਾ ਪ੍ਰਤੀਕ ਸੀ ਕਿਉਂਕਿ ਇਹ ਦਰਸਾਉਂਦਾ ਹੈ ਕਿ ਉਪਭੋਗਤਾ ਦਾ ਸਮਾਂ ਕੀਮਤੀ ਸੀ ਅਤੇ ਉਹ ਆਪਣੇ ਕਾਰਜਕ੍ਰਮ ਦਾ ਪ੍ਰਬੰਧਨ ਕਰਨ ਵਿੱਚ ਮਦਦ ਲਈ ਇੱਕ ਡਿਵਾਈਸ 'ਤੇ ਸੈਂਕੜੇ ਡਾਲਰ ਖਰਚ ਕਰਨ ਦੇ ਸਮਰੱਥ ਹੋ ਸਕਦੇ ਹਨ। ਬਲੂਟੁੱਥ ਹੈੱਡਸੈੱਟ ਇੱਕ ਹੋਰ ਪ੍ਰੀ-ਸਮਾਰਟਫੋਨ ਸਥਿਤੀ ਉਤਪਾਦ ਸੀ। ਪਾਮ ਪਾਇਲਟ ਵਾਂਗ, ਇਹਨਾਂ ਵਿੱਚੋਂ ਕਿਸੇ ਇੱਕ ਵਿੱਚ ਕਲਿਪ ਕਰਨ ਵਾਲੇ ਕਿਸੇ ਵੀ ਵਿਅਕਤੀ ਨੇ ਇਹ ਪ੍ਰਭਾਵ ਛੱਡ ਦਿੱਤਾ ਕਿ ਉਹਨਾਂ ਕੋਲ ਉਚ-ਪਾਵਰ ਵਾਲੀ ਨੌਕਰੀ ਹੈ। ਆਪਣੇ ਕੰਨ 'ਤੇ ਪੁਰਾਣੇ ਸਕੂਲ ਦੇ ਹੈੱਡਸੈੱਟ ਨਾਲ ਘੁੰਮਦੇ ਹੋਏ ਦੁਨੀਆ ਨੂੰ ਦੱਸਿਆ ਕਿ ਤੁਸੀਂ ਇੱਕ ਮਲਟੀਟਾਸਕਰ ਹੋ, ਅਤੇ ਤੁਹਾਡਾ ਸਾਰਾ ਧਿਆਨ ਇੱਕ ਫ਼ੋਨ ਕਾਲ ਵਾਂਗ ਸਧਾਰਨ ਚੀਜ਼ ਵੱਲ ਸਮਰਪਿਤ ਕਰਨ ਲਈ ਬਹੁਤ ਮਹੱਤਵਪੂਰਨ ਹੈ। ਜਦੋਂ ਆਧੁਨਿਕ ਉਪਭੋਗਤਾ ਡਿਵਾਈਸਾਂ ਦੇ ਅੰਦਰੂਨੀ ਨਾਲ ਤੁਲਨਾ ਕੀਤੀ ਜਾਂਦੀ ਹੈ, ਤਾਂ2000 ਦੇ ਦਹਾਕੇ ਦੇ ਸ਼ੁਰੂ ਵਿੱਚ ਬਲੂਟੁੱਥ ਹੈੱਡਸੈੱਟਾਂ ਅਤੇ ਫਧਓਸ ਵਿੱਚ ਲੱਭੀ ਗਈ ਤਕਨਾਲੋਜੀ ਪੁਰਾਤਨ ਦਿਖਾਈ ਦਿੰਦੀ ਹੈ। ਅਤੇ ਇਹ ਤਕਨੀਕੀ ਚਿੰਨ੍ਹਾਂ ਬਾਰੇ ਕੁਝ ਦਿਲਚਸਪ ਜ਼ਾਹਰ ਕਰਦਾ ਹੈ - ਡਿਵਾਈਸ ਦੀ ਧਾਰਨਾ, ਤਕਨਾਲੋਜੀ ਦੀ ਗੁਣਵੱਤਾ ਨਹੀਂ, ਜਦੋਂ ਸਥਿਤੀ ਦੀ ਗੱਲ ਆਉਂਦੀ ਹੈ ਤਾਂ ਕੀ ਮਾਇਨੇ ਰੱਖਦਾ ਹੈ। ਟੈਕਸੀ ਡਰਾਈਵਰ ਹੁਣ ਸਿਰਫ ਰਵਾਇਤੀ ਬਲੂਟੁੱਥ ਹੈੱਡਸੈੱਟਾਂ ਨਾਲ ਜੁੜੇ ਹੋਏ ਜਾਪਦੇ ਹਨ, ਕੀ ਅਸੀਂ ਇਸ ਤਰ੍ਹਾਂ ਜਾਣਦੇ ਹਾਂ ਕਿ ਉਹ ਅਸਲ ਵਿੱਚ ਫੈਸ਼ਨ ਤੋਂ ਬਾਹਰ ਹਨ? ਸਮਾਰਟਫ਼ੋਨ ਦਾ ਉਭਾਰ 2000 ਦੇ ਦਹਾਕੇ ਦੇ ਅਰੰਭ ਵਿੱਚ, ਹੱਥਾਂ ਵਿੱਚ ਫੜੇ ਗਏ ਫੋਨਾਂ ਨੇ ਉਸੇ ਸੱਭਿਆਚਾਰਕ ਸਥਿਤੀ 'ਤੇ ਕਬਜ਼ਾ ਕਰ ਲਿਆ ਜੋ ਫਧਓਸ ਕੋਲ ਸੀ। ਉਸ ਯੁੱਗ ਦੇ ਸਭ ਤੋਂ ਵੱਧ ਪਸੰਦੀਦਾ ਫੋਨਾਂ ਵਿੱਚੋਂ ਇੱਕ ਮੋਟੋਰੋਲਾ ੍ਰਓਢ੍ਰ ਸੀ ਇਸਦੇ ਆਕਰਸ਼ਕ ਕਲੈਮਸ਼ੇਲ ਡਿਜ਼ਾਈਨ ਲਈ ਧੰਨਵਾਦ। ਪਰ 2007 ਵਿੱਚ, ਅਸਲ ਐਪਲ ਆਈਫੋਨ ਦੀ ਰਿਲੀਜ਼ ਨਾਲ ਸਭ ਕੁਝ ਬਦਲ ਗਿਆ। ਜਿਵੇਂ ਹੀ ਇਸਦੀ ਘੋਸ਼ਣਾ ਕੀਤੀ ਗਈ, ਆਈਫੋਨ ਨੇ ਇਸਦੇ ਪਤਲੇ ਕੇਸਿੰਗ, ਗਰਾਊਂਡਬ੍ਰੇਕਿੰਗ ਟੱਚ-ਅਧਾਰਿਤ ਇੰਟਰਫੇਸ, ਅਤੇ $499 ਦੀ ਭਾਰੀ ਕੀਮਤ ਦੇ ਕਾਰਨ ਇੱਕ ਸਥਿਤੀ ਪ੍ਰਤੀਕ ਦੀ ਸਥਿਤੀ ਵਿੱਚ ਆ ਗਿਆ। ਆਈਫੋਨ ਤੋਂ ਪਹਿਲਾਂ ਵੀ, ਐਪਲ ਦਾ ਆਪਣੇ ਉਤਪਾਦਾਂ ਨੂੰ 'ਰਚਨਾਤਮਕ' ਲਈ ਮਾਰਕੀਟਿੰਗ ਕਰਨ ਦਾ ਲੰਬਾ ਇਤਿਹਾਸ ਸੀ, ਅਤੇ ਇਸ ਨੇ ਸਮਝਦਾਰ ਤਕਨੀਕੀ ਉਪਭੋਗਤਾ ਲਈ ਆਈਫੋਨ ਨੂੰ ਇੱਕ ਉਤਪਾਦ ਵਜੋਂ ਸਫਲਤਾਪੂਰਵਕ ਇਸ਼ਤਿਹਾਰ ਦਿੱਤਾ। ਇਸ ਨੇ ਸਥਿਤੀ ਦੇ ਪ੍ਰਤੀਕ ਵਜੋਂ ਫੋਨ ਦੀ ਸਥਿਤੀ ਨੂੰ ਮਜ਼ਬੂਤ ਕੀਤਾ ਅਤੇ ਵਿਕਰੀ ਨੂੰ ਵਧਾਇਆ। ਅੱਜ ਤੱਕ, ਇੱਕ ਅਰਬ ਤੋਂ ਵੱਧ ਆਈਫੋਨ ਵੇਚੇ ਜਾ ਚੁੱਕੇ ਹਨ। ਜਦੋਂ ਕਿ ਐਂਡਰੋਇਡ ਡਿਵਾਈਸਾਂ, ਜ਼ਿਆਦਾਤਰ ਸੰਵੇਦਨਾਵਾਂ ਵਿੱਚ, ਆਪਣੇ ਐਪਲ ਹਮਰੁਤਬਾ ਤੱਕ ਪਹੁੰਚ ਗਈਆਂ ਹਨ, ਉਹ ਕਦੇ ਵੀ ਉਸੇ ਤਰ੍ਹਾਂ ਸਥਿਤੀ ਵਸਤੂਆਂ ਨਹੀਂ ਬਣੀਆਂ ਹਨ। ਵਾਸਤਵ ਵਿੱਚ, ਕੋਈ ਹੋਰ ਉਤਪਾਦ ਵਿੱਤੀ ਦੌਲਤ ਨਾਲ ਏਨਾ ਨਜ਼ਦੀਕੀ ਤੌਰ 'ਤੇ ਜੁੜਿਆ ਨਹੀਂ ਹੈ ਜਿੰਨਾ ਐਪਲ ਆਈਫੋਨ। 2018 ਵਿੱਚ ਖੋਜਕਰਤਾਵਾਂ ਨੇ ਪਾਇਆ ਕਿ, ਲਗਭਗ 70% ਲੋਕਾਂ ਲਈ, ਉਹ ਇਹ ਨਿਰਧਾਰਿਤ ਕਰਨ ਦੇ ਯੋਗ ਸਨ ਕਿ ਕੋਈ ਇੱਕ 'ਉਚ-ਆਮਦਨੀ' ਕਮਾਉਣ ਵਾਲਾ ਹੈ ਜਾਂ ਨਹੀਂ, ਸਿਰਫ਼ ਇਸ ਗੱਲ ਤੋਂ ਕਿ ਉਹਨਾਂ ਕੋਲ ਆਈਫੋਨ ਹੈ ਜਾਂ ਨਹੀਂ। ਸਮਾਰਟਫੋਨ ਅੰਸ਼ਕ ਤੌਰ 'ਤੇ ਪ੍ਰਭਾਵਸ਼ਾਲੀ ਪ੍ਰਤੀਕ ਬਣ ਗਏ ਹਨ ਕਿਉਂਕਿ ਉਹ ਸੁਪਰ ਕਾਰਜਸ਼ੀਲ ਹਨ। ਅਸੀਂ ਨੈਵੀਗੇਸ਼ਨ, ਮਨੋਰੰਜਨ ਅਤੇ ਸੰਚਾਰ ਵਰਗੀਆਂ ਚੀਜ਼ਾਂ ਲਈ ਉਹਨਾਂ 'ਤੇ ਭਰੋਸਾ ਕਰਦੇ ਹਾਂ। ਪਹਿਲਾਂ ਸਟੇਟਸ ਸਿੰਬਲ ਫੋਨ ਆਮ ਤੌਰ 'ਤੇ ਬਿਨਾਂ ਕਿਸੇ ਵਿਲੱਖਣ ਕਾਰਜਸ਼ੀਲਤਾ ਦੀ ਪੇਸ਼ਕਸ਼ ਕੀਤੇ ਸੁੰਦਰ ਦਿਖਾਈ ਦਿੰਦੇ ਸਨ। ਪਰ ਅੱਜਕੱਲ੍ਹ, ਨਵੀਨਤਮ ਸਮਾਰਟਫੋਨਾਂ ਵਿੱਚ ਹਮੇਸ਼ਾਂ ਨਵੀਆਂ ਸਾਫ਼ਟਵੇਅਰ ਵਿਸ਼ੇਸ਼ਤਾਵਾਂ ਸ਼ਾਮਲ ਹੁੰਦੀਆਂ ਹਨ, ਇਸਲਈ ਖਪਤਕਾਰਾਂ ਲਈ ਆਪਣੇ ਲਈ ਇੱਕ ਸਮਾਰਟਫੋਨ ਖਰੀਦਣਾ ਜਾਇਜ਼ ਠਹਿਰਾਉਣਾ ਬਹੁਤ ਸੌਖਾ ਹੈ, ਭਾਵੇਂ ਇਹ ਅਸਲ ਵਿੱਚ ਸਥਿਤੀ ਬਾਰੇ ਹੀ ਹੋਵੇ। ਨਵੀਨੀਕਰਨ ਕੀਤੇ ਫੋਨ: ਅਗਲਾ ਸਥਿਤੀ ਪ੍ਰਤੀਕ? 'ਲਾਜ਼ਮੀ' ਉਤਪਾਦ ਲਗਾਤਾਰ ਬਦਲ ਰਹੇ ਹਨ। ਅਕਸਰ, ਇੱਕ ਸਥਿਤੀ ਪ੍ਰਤੀਕ ਆਪਣੀ ਸਥਿਤੀ ਗੁਆ ਦਿੰਦਾ ਹੈ ਕਿਉਂਕਿ ਇਹ ਪਾਮ ਪਾਇਲਟ ਵਾਂਗ ਪੁਰ-ਾਣਾ ਹੋ ਜਾਂਦਾ ਹੈ। ਅਤੇ ਕਈ ਵਾਰ ਅਜਿਹਾ ਹੁੰਦਾ ਹੈ ਕਿਉਂਕਿ ਪਹਿਲਾਂ ਤੋਂ ਮਹਿੰਗੀ ਚੀਜ਼ ਆਮ ਹੋ ਜਾਂਦੀ ਹੈ, ਜਿਵੇਂ ਕਿ ਰੰਗੀਨ ਟੀ।ਵੀ। ਸੰਖੇਪ ਵਿੱਚ, ਇਸ ਵਿੱਚ ਕੋਈ ਸਵਾਲ ਨਹੀਂ ਹੈ ਕਿ ਸਮਾਰਟਫੋਨ ਨੂੰ ਇੱਕ ਗਲੋਬਲ ਸਟੇਟਸ ਸਿੰਬਲ ਵਜੋਂ ਬਦਲਣ ਲਈ ਆਖਰਕਾਰ ਤਕਨੀਕ ਦਾ ਇੱਕ ਨਵਾਂ ਟੁਕੜਾ ਆਵੇਗਾ, ਇਹ ਸਿਰਫ ਕਦੋਂ ਦੀ ਗੱਲ ਹੈ। ਕੁਝ ਅੰਦਾਜ਼ਾ ਲਗਾਉਂਦੇ ਹਨ ਕਿ ਅਗਲਾ ਨਿਸ਼ਚਿਤ ਗੈਜੇਟ ਪਹਿਨਣਯੋਗ ਹੋ ਸਕਦਾ ਹੈ, ਜਦੋਂ ਕਿ ਦੂਸਰੇ ਸੋਚਦੇ ਹਨ ਕਿ ਅਗਲਾ ਸਥਿਤੀ ਪ੍ਰਤੀਕ ਰੁਝਾਨ ਕੇਸਾਂ ਤੋਂ ਬਿਨਾਂ ਫ਼ੋਨਾਂ ਦੀ ਵਰਤੋਂ ਕਰਨਾ ਹੋ ਸਕਦਾ ਹੈ, ਇਹ ਦਰਸਾਉਣ ਲਈ ਕਿ ਉਪਭੋਗਤਾ ਆਪਣੇ ਫ਼ੋਨ ਨੂੰ 'ਬਦਲਣਯੋਗ' ਸਮਝਦਾ ਹੈ। ਪਰ ਸਥਿਤੀ ਦੇ ਚਿੰਨ੍ਹ ਹਮੇਸ਼ਾ ਦੌਲਤ ਦਿਖਾਉਣ ਬਾਰੇ ਨਹੀਂ ਹੁੰਦੇ ਹਨ। ਬਹੁਤ ਸਾਰੇ ਲੋਕਾਂ ਲਈ, ਮੁੜ ਵਰਤੋਂ ਯੋਗ ਬੈਗ, ਈਕੋ-ਅਨੁਕੂਲ ਵਾਹਨ ਅਤੇ ਫੇਅਰਟ੍ਰੇਡ ਉਤਪਾਦ ਉਹਨਾਂ ਦੇ ਆਪਣੇ ਕਿਸਮ ਦੇ ਸਟੇਟਸ ਸਿੰਬਲ ਹਨ। ਉਹ ਸਾਰੇ ਇਹ ਦਰਸਾਉਂਦੇ ਹਨ ਕਿ ਉਪਭੋਗਤਾ ਆਪਣੇ ਕੰਮਾਂ ਦੇ ਵਾਤਾਵਰਣ ਜਾਂ ਸਮਾਜਿਕ ਨਤੀਜਿਆਂ ਦੀ ਪਰਵਾਹ ਕਰਦਾ ਹੈ। ਅਤੇ ਇਹੀ ਕਾਰਨ ਹੈ ਕਿ ਅਗਲਾ ਗਲੋਬਲ ਸਟੇਟਸ ਸਿੰਬਲ ਬਿਲਕੁਲ ਨਵਾਂ ਉਤਪਾਦ ਨਹੀਂ ਹੋ ਸਕਦਾ, ਪਰ ਵਰਤਿਆ ਗਿਆ ਹੈ। ਨਵੀਨੀਕਰਨ ਕੀਤੇ ਸਮਾਰਟਫ਼ੋਨ ਨਵੇਂ ਉਪਕਰਨਾਂ ਵਾਂਗ ਹੀ ਕਾਰਜਸ਼ੀਲ ਹਨ ਪਰ ਉਹ ਵਾਤਾਵਰਨ ਨੂੰ ਕਾਫ਼ੀ ਘੱਟ ਨੁਕਸਾਨ ਪਹੁੰਚਾਉਂਦੇ ਹਨ। ਜਿਵੇਂ ਕਿ ਖਪਤਕਾਰ ਵਧੇਰੇ ਜਾਣੂ ਹੋ ਜਾਂਦੇ ਹਨ ਕਿ ਨਵੀਨੀਕਰਨ ਕੀਤੇ ਆਈਫੋਨ ਨਵੇਂ ਵਾਂਗ ਕੰਮ ਕਰਦੇ ਹਨ, ਇੱਕ ਰੀਕੰਡੀਸ਼ਨਡ ਡਿਵਾਈਸ ਦੀ ਮਲਕੀਅਤ ਅਗਲਾ ਅਗਲਾ ਵੱਡਾ ਖਪਤਕਾਰ ਸਥਿਤੀ ਪ੍ਰਤੀਕ ਬਣ ਸਕਦਾ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਐਜੂਕੇਸ਼ਨਲ ਕਾਲਮਨਿਸਟ*
*ਮਲੋਟ, ਪੰਜਾਬ।*




# ਬਠਿੰਡਾ ਫਾਇਰਿੰਗ ਮਾਮਲੇ ਵਿਚ ਖੁਲਾਸਾ, ਗਨਰ ਦੇਸਾਈ ਮੋਹਨ ਨੇ ਮਾਰਿਆ ਸੀ 4 ਸਾਥੀਆਂ ਨੂੰ

ਬਠਿੰਡਾ, 17 ਅਪ੍ਰੈਲ (ਪੋਸਟ ਬਿਊਰੋ): ਬਠਿੰਡਾ ਮਿਲਟਰੀ ਬੇਸ ਫਾਇਰਿੰਗ ਮਾਮਲੇ ਵਿੱਚ ਫੌਜ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਫੌਜ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਗਨਰ ਦੇਸਾਈ ਮੋਹਨ ਨੇ ਨਿੱਜੀ ਕਾਰਨਾਂ ਕਰਕੇ ਆਪਣੇ ਚਾਰ ਸਾਥੀਆਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਬੰਦੂਕਧਾਰੀ ਨੇ ਪਹਿਲਾਂ ਰਾਈਫਲ ਚੋਰੀ ਕੀਤੀ ਅਤੇ ਫਿਰ ਇੰਸਾਸ ਰਾਈਫਲ ਨਾਲ ਸੁੱਤੇ ਹੋਏ ਚਾਰ ਜਵਾਨਾਂ ਨੂੰ ਮਾਰ ਦਿੱਤਾ। ਮੁਲਜ਼ਮਾਂ ਤੋਂ ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਇਆ ਹੈ। ਫੌਜ ਨੇ ਦੱਸਿਆ ਕਿ 9 ਅਪ੍ਰੈਲ ਨੂੰ ਮੁਲਜ਼ਮ ਨੇ ਹਥਿਆਰ ਅਤੇ ਕਾਰਤੂਸ ਚੋਰੀ ਕੀਤੇ ਸਨ। 12 ਅਪ੍ਰੈਲ ਨੂੰ ਸਵੇਰੇ 4:30 ਵਜੇ ਜਦੋਂ




ਸੰਤਰੀ ਡਿਊਟੀ 'ਤੇ ਸੀ ਤਾਂ ਉਸ ਨੇ ਚਾਰਾਂ ਨੂੰ ਮਾਰ ਦਿੱਤਾ। ਪੁੱਛਗਿੱਛ ਦੌਰਾਨ ਉਸ ਨੇ ਦੱਸਿਆ ਕਿ ਜਿਸ ਜਵਾਨ 'ਤੇ ਉਸ ਨੇ ਗੋਲੀਆਂ ਚਲਾਈਆਂ, ਉਹ ਉਸ ਨੂੰ ਜ਼ਲੀਲ ਕਰਦੇ ਸਨ।

12 ਅਪ੍ਰੈਲ ਨੂੰ ਪੰਜਾਬ ਦੇ ਬਠਿੰਡਾ ਮਿਲਟਰੀ ਸਟੇਸ਼ਨ 'ਤੇ ਗੋਲੀਬਾਰੀ ਹੋਈ ਸੀ। ਇਸ ਘਟਨਾ ਵਿੱਚ ਚਾਰ ਮਾਰੇ ਗਏ ਸਨ। ਘਟਨਾ ਸਵੇਰੇ 4:35 ਵਜੇ ਦੀ ਦੱਸੀ ਗਈ ਹੈ। ਇਸ ਤੋਂ ਬਾਅਦ ਫੌਜ ਨੇ ਇਲਾਕੇ 'ਚ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ। ਦੂਜੇ ਪਾਸੇ ਬਠਿੰਡਾ ਦੇ ਐਸਐਸਪੀ ਜੀਐਸ ਖੁਰਾਣਾ ਨੇ ਦੱਸਿਆ ਸੀ ਕਿ ਇਹ ਕੋਈ ਅਤਿਵਾਦੀ ਹਮਲਾ ਨਹੀਂ ਹੈ।

17 ਅਪ੍ਰੈਲ ਨੂੰ ਬਠਿੰਡਾ ਮਿਲਟਰੀ ਬੇਸ 'ਤੇ ਗੋਲੀਬਾਰੀ ਮਾਮਲੇ 'ਚ ਇਕ ਜਵਾਨ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪੰਜਾਬ ਪੁਲਿਸ ਅਨੁਸਾਰ ਜਿਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਉਹ ਫ਼ੌਜ ਦਾ ਗਨਰ ਦੱਸਿਆ ਜਾ ਰਿਹਾ ਹੈ। ਮੁਲਜ਼ਮ ਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ। ਪੰਜਾਬ ਪੁਲਿਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਫੌਜ ਦੇ ਅੱਡੇ 'ਤੇ ਗੋਲੀਬਾਰੀ ਆਪਸੀ ਝਗੜੇ ਨੂੰ ਲੈ ਕੇ ਹੋਈ।

# ਪਾਕਿਸਤਾਨ 'ਚ ਈਸ਼ਨਿੰਦਾ ਦੇ ਦੋਸ਼ 'ਚ ਚੀਨੀ ਅਧਿਕਾਰੀ ਗ੍ਰਿਫਤਾਰ, ਡਰਾਈਵਰ ਨੇ ਹੀ ਕਰਵਾਈ ਐਫਆਈਆਰ

ਇਸਲਾਮਾਬਾਦ, 17 ਅਪ੍ਰੈਲ (ਪੋਸਟ ਬਿਊਰੋ):ਪਾਕਿਸਤਾਨ ਪੁਲਿਸ ਨੇ ਖੈਬਰ ਪਖਤੂਨਖਵਾ ਵਿੱਚ ਇੱਕ ਚੀਨੀ ਨਾਗਰਿਕ ਨੂੰ ਈਸ਼ਨਿੰਦਾ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਕਿਹਾ ਕਿ ਅੱਪਰ ਕੋਹਿਸਤਾਨ ਜ਼ਿਲ੍ਹੇ ਵਿੱਚ ਪਾਕਿਸਤਾਨ ਦੇ ਸਭ ਤੋਂ ਵੱਡੇ ਪਣ-ਬਿਜਲੀ ਪ੍ਰੋਜੈਕਟ ਦਾਸੂ ਵਿੱਚ ਕੰਮ ਕਰ ਰਹੇ ਚੀਨੀ ਮੈਨੇਜਰ ਨੇ ਸ਼ੁੱਕਰਵਾਰ ਨੂੰ ਕਥਿਤ ਤੌਰ 'ਤੇ ਈਸ਼ਨਿੰਦਾ ਟਿੱਪਣੀ ਕੀਤੀ ਸੀ। ਪੁਲਿਸ ਨੇ ਕਿਹਾ ਕਿ ਮੈਨੇਜਰ ਕੰਮ ਤੋਂ ਖੁਸ਼ ਨਹੀਂ ਸੀ ਅਤੇ ਇਸ ਲਈ ਕਰਮਚਾਰੀ ਹਫ਼ਤਾਵਾਰੀ ਪ੍ਰਾਰਥਨਾ ਲਈ ਗਏ ਸਨ।

ਦਸੂ ਪੁਲਿਸ ਥਾਣੇ ਦੇ ਅਧਿਕਾਰੀ ਨਸੀਰੂਦੀਨ ਦਾ ਕਹਿਣਾ ਹੈ ਕਿ ਮੁਲਜ਼ਮ ਦੇ ਡਰਾਈਵਰ ਨੇ ਮਾਮਲਾ ਦਰਜ ਕਰਵਾਇਆ ਹੈ। ਮੁਲਜ਼ਮ ਦੀ ਪਛਾਣ ਤਿਆਨ ਵਜੋਂ ਹੋਈ ਹੈ। ਪਾਕਿਸਤਾਨ ਪੀਨਲ ਕੋਡ ਦੀ ਧਾਰਾ 265 ਸੀ ਦੇ ਤਹਿਤ ਮੁਲਜ਼ਮ ਦੇ ਖਿਲਾਫ ਐਫਆਈਆਰ ਦਰਜ ਕੀਤੀ ਗਈ ਹੈ। ਇਸ ਤੋਂ ਇਲਾਵਾ ਪ੍ਰਾਜੈਕਟ 'ਤੇ ਕੰਮ ਕਰ ਰਹੇ ਸੈਂਕੜੇ ਵਸਨੀਕਾਂ ਅਤੇ ਮਜ਼ਦੂਰਾਂ ਨੇ ਹਾਈਵੇਅ 'ਤੇ ਜਾਮ ਲਾ ਦਿੱਤਾ ਅਤੇ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਰੈਲੀ ਕੱਢੀ।

ਪੁਲਿਸ ਅਨੁਸਾਰ ਘਟਨਾ ਦੇ ਸਾਹਮਣੇ ਆਉਣ ਤੋਂ ਬਾਅਦ ਇੱਕ ਸਥਾਨਕ ਭੀੜ ਨੇ ਪ੍ਰੋਜੈਕਟ ਸਾਈਟ ਦੇ ਨੇੜੇ ਸਥਿਤ ਚੀਨੀ ਕੈਂਪ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਭੀੜ ਨੂੰ ਕਾਬੂ ਕੀਤਾ ਗਿਆ ਸੀ, ਪਰ ਇਹ ਸੋਮਵਾਰ ਨੂੰ ਫਿਰ ਇਕੱਠੀ ਹੋ ਗਈ। ਲੋਕਾਂ ਨੇ ਛੇ ਤੋਂ ਸੱਤ ਘੰਟੇ ਤੱਕ ਪ੍ਰਦਰਸ਼ਨ ਕੀਤਾ ਅਤੇ ਵਿਰੋਧ ਵਿੱਚ ਕਾਰਾਕੋਰਮ ਹਾਈਵੇਅ ਜਾਮ ਕਰ ਦਿੱਤਾ। ਭਾਰੀ ਵਿਰੋਧ ਤੋਂ ਬਾਅਦ ਪੁਲਿਸ ਨੇ ਤਿਆਨ ਨੂੰ ਗ੍ਰਿਫਤਾਰ ਕਰ ਲਿਆ। ਇਸ ਤੋਂ ਬਾਅਦ ਪ੍ਰਦਰਸ਼ਨ ਸਮਾਪਤ ਹੋ ਗਿਆ। ਇਸਲਾਮਾਬਾਦ ਸਥਿਤ ਚੀਨੀ ਦੂਤਾਵਾਸ ਵੱਲੋਂ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ ਗਈ।





## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।





ਕੈਨੇਡੀਅਨ ਪੰਜਾਬੀ ਪੋਸਟ

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.









## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664


ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661



## ਲੜਕੇ ਦੀ ਲੋੜ

ਰਮਦਾਸੀਆ ਸਿੱਖ ਸੋਹਣੀ ਸੁਨੱਖੀ ਲੜਕੀ, ਕੱਦ 5 ਫੁੱਟ 7 ਇੰਚ, ਜਨਮ 1993, ਐਮ.ਟੈੱਕ, ਕੈਨੇਡਾ ਦੀ ਪੀ.ਆਰ., ਲਈ ਪ੍ਰੋਫੈਸ਼ਨਲੀ ਕੁਆਲੀਫਾਈਡ ਸਿੱਖ ਲੜਕੇ ਦੀ ਲੋੜ ਹੈ। ਲੜਕਾ ਪੀ.ਆਰ. ਹੋਣਾ ਚਾਹੀਦਾ ਹੈ ਅਤੇ ਕੈਨੇਡਾ ਵਿਚ ਕੰਮ ਕਰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਫੋਟੋ/ਬਾਇਓਡਾਟਾ sukhik0113@gmail.com ਉਤੇ ਭੇਜ ਸਕਦੇ ਹੋ। ਸੰਪਰਕ: +91 9868560322 ਜਾਂ 437 261 4061

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






## ਲੜਕੇ ਦੀ ਲੋੜ

Saini Sikh family living in Ontario seeks suitable match for their beautiful daughter born in India and raised in Canada since 2005, 27-year-old, slim 5'3" tall has a bachelor degree and a good job. Boy should be Sikh, educated, living and working in Canada. Please contact on +1 (289) 707- 4366.

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

## ਪੰਜਾਬ ਦੇ ਭਵਿੱਖ ਨੂੰ ਨਸ਼ੇ ਦੇ ਦਲਦਲ 'ਚ ਡੋਬਣ ਵਾਲਿਆਂ ਖਿਲਾਫ਼ ਮੁੱਖ ਮੰਤਰੀ ਦੀ ਮਿਸਾਲੀ ਕਾਰਵਾਈ

*** ਪੀਪੀਐਸ ਰਾਜਜੀਤ ਸਿੰਘ ਨੂੰ ਡਰੱਗ ਤਸਕਰੀ ਕੇਸ ਵਿੱਚ ਨਾਮਜਦ ਕਰ ਕੇ ਨੌਕਰੀ ਤੋਂ ਤੁਰਤ ਕੀਤਾ ਬਰਖਾਸਤ**

ਚੰਡੀਗੜ੍ਹ, 17 ਅਪ੍ਰੈਲ (ਪੋਸਟ ਬਿਊਰੋ): ਨਸਾ ਤਸਕਰੀ ਦੇ ਘਿਨਾਉਣੇ ਅਪਰਾਧ ਵਿੱਚ ਸਾਮਲ ਲੋਕਾਂ ਨਾਲ ਕੋਈ ਲਿਹਾਜ ਨਾ ਵਰਤਣ ਦੀ ਨੀਤੀ ਉਤੇ ਚੱਲਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਨੂੰ ਪੀ।ਪੀ।ਐਸ। ਅਧਿਕਾਰੀ ਰਾਜਜੀਤ ਸਿੰਘ ਦੀ ਮਨੁੱਖਤਾ ਵਿਰੁੱਧ ਇਸ ਘਿਨਾਉਣੇ ਅਪਰਾਧ ਵਿੱਚ ਸਮੂਲੀਅਤ ਸਾਹਮਣੇ ਆਉਣ ਤੋਂ ਬਾਅਦ ਉਸ ਦੀਆਂ ਸੇਵਾਵਾਂ ਨੂੰ ਬਰਖਾਸਤ ਕਰ ਦਿੱਤਾ ਹੈ।

ਹੋਰ ਵੇਰਵਿਆਂ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਕਾਰਵਾਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀਆਂ ਹਦਾਇਤਾਂ ਅਨੁਸਾਰ ਹੈ, ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਸੂਬੇ ਵਿੱਚ ਨਸ਼ਿਆਂ ਦੇ ਕਾਰੋਬਾਰ ਨਾਲ ਸਬੰਧਤ ਰਿਪੋਰਟ ਵਿੱਚ ਨਾਮਜਦ ਵਿਅਕਤੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਸਪੱਸਟ ਕਿਹਾ ਕਿ ਨਸ਼ਿਆਂ ਰਾਹੀਂ ਪੰਜਾਬ ਦੀ ਜਵਾਨੀ ਨੂੰ ਬਰਬਾਦ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਰਾਜਜੀਤ ਦੀ ਇਸ ਗੰਭੀਰ ਜੁਰਮ ਵਿੱਚ ਸਮੂਲੀਅਤ ਦਾ ਪਤਾ ਲੱਗਿਆ ਹੈ, ਇਸ ਲਈ ਉਸ ਦੀਆਂ ਸੇਵਾਵਾਂ ਤੁਰੰਤ ਪ੍ਰਭਾਵ ਨਾਲ ਖਤਮ ਕਰ ਦਿੱਤੀਆਂ ਗਈਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਸਬੰਧੀ ਹੋਰ ਵੇਰਵੇ ਬਹੁਤ ਜਲਦੀ ਸਾਂਝਾ ਕੀਤੇ ਜਾਣਗੇ ਅਤੇ ਕਿਹਾ ਕਿ ਇਹ ਸਿਰਫ ਸੁਰੂਆਤ ਹੈ। ਸੂਬੇ ਅਤੇ ਨੌਜਵਾਨਾਂ ਵਿਰੁੱਧ ਇਸ ਘਿਨਾਉਣੇ ਅਪਰਾਧ ਵਿੱਚ ਸਾਮਲ ਸਾਰੇ ਲੋਕਾਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੀ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਵਧੇ ਨਸ਼ਿਆਂ ਨੇ ਸੂਬੇ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਰਬਾਦ ਕਰ ਦਿੱਤਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਦੋਵਾਂ ਪਾਰਟੀਆਂ ਦੇ ਧਨਾਢ ਆਗੂਆਂ ਨੇ ਨੌਕਰਸਾਹਾਂ ਅਤੇ ਨਸਾ ਤਸਕਰਾਂ ਦੀ ਮਿਲੀਭੁਗਤ ਨਾਲ ਇਸ ਗੈਰ-ਕਾਨੂੰਨੀ ਧੰਦੇ ਦੀ ਸਰਪ੍ਰਸਤੀ ਕੀਤੀ ਤਾਂ ਜੋ ਗੈਰ-ਕਾਨੂੰਨੀ ਢੰਗ ਨਾਲ ਪੈਸਾ ਇਕੱਠਾ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਮੁੱਦੇ 'ਤੇ ਜਾਂਚ ਰਿਪੋਰਟ ਲੰਬੇ ਸਮੇਂ ਤੋਂ ਠੰਢੇ ਬਸਤੇ ਵਿੱਚ ਸੀ ਕਿਉਂਕਿ ਪਿਛਲੀ ਸਰਕਾਰ ਵਿੱਚੋਂ ਕੋਈ ਵੀ ਪੰਜਾਬ ਦੇ ਭਵਿੱਖ ਨੂੰ ਤਬਾਹ ਕਰਨ ਵਾਲੀਆਂ ਤਾਕਤਾਂ ਵਿਰੁੱਧ ਕਾਰਵਾਈ ਕਰਨ ਲਈ ਸੁਹਿਰਦ ਨਹੀਂ ਸੀ। ਭਗਵੰਤ ਮਾਨ ਨੇ ਕਿਹਾ ਕਿ ਹੁਣ ਜਦੋਂ ਉਨ੍ਹਾਂ ਨੂੰ ਹਾਈ ਕੋਰਟ ਤੋਂ ਤਿੰਨ ਪੈਕਟਾਂ ਵਿੱਚ ਰਿਪੋਰਟ ਪ੍ਰਾਪਤ ਹੋ ਗਈ ਹੈ ਤਾਂ ਸੂਬੇ ਅਤੇ ਇਸ ਦੇ ਨੌਜਵਾਨਾਂ ਦੀਆਂ ਵਿਰੋਧੀ ਤਾਕਤਾਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਪੰਜਾਬੀਆਂ ਨੂੰ ਭਰੋਸਾ ਦਿਵ-ਾਇਆ ਕਿ ਉਨ੍ਹਾਂ ਲੋਕਾਂ ਖਿਲਾਫ ਮਿਸਾਲੀ ਕਾਰਵਾਈ ਕੀਤੀ ਜਾਵੇਗੀ, ਜਿਨ੍ਹਾਂ ਦੇ ਹੱਥ ਨਸੇ ਦਾ ਸ਼ਿਕਾਰ ਹੋਏ ਅਣਗਿਣਤ ਨੌਜਵਾਨਾਂ ਦੇ ਖੂਨ ਨਾਲ ਰੰਗੇ ਹੋਏ ਹਨ।

ਜ਼ਿਕਰਯੋਗ ਹੈ ਕਿ ਇਹ ਰਿਪੋਰਟਾਂ ਪੰਜ ਸਾਲਾਂ ਤੋਂ ਲਟਕ ਰਹੀਆਂ ਸਨ ਅਤੇ ਪਿਛਲੀ ਕਾਂਗਰਸ ਸਰਕਾਰ ਨੇ ਇਸ 'ਤੇ ਕੋਈ ਕਾਰਵਾਈ ਨਹੀਂ ਕੀਤੀ ਪਰ ਅਹੁਦਾ ਸੰਭਾਲਣ ਤੋਂ ਬਾਅਦ ਮੁੱਖ ਮੰਤਰੀ ਨੇ 15 ਫਰਵਰੀ ਨੂੰ ਹਾਈ ਕੋਰਟ 'ਚ ਸਹਿਮਤੀ ਦੇ ਦਿੱਤੀ ਸੀ। ਭਗਵੰਤ ਮਾਨ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪੇਸ ਕੀਤੀਆਂ ਸਾਰੀਆਂ ਸੀਲਬੰਦ ਰਿਪੋਰਟਾਂ ਜੋ ਪੁਲਿਸ ਅਧਿਕਾਰੀਆਂ ਅਤੇ ਨਸਾ ਤਸਕਰਾਂ ਵਿਚਕਾਰ ਗਠਜੋੜ ਦਾ ਪਰਦਾਫਾਸ ਕਰਦੀਆਂ ਹਨ, ਨੂੰ ਜਨਤਕ ਕਰਨ ਦੀ ਸਹਿਮਤੀ ਦਿੱਤੀ ਸੀ। ਇਹ ਰਿਪੋਰਟਾਂ ਵਿਸੇਸ ਜਾਂਚ ਟੀਮ ਵੱਲੋਂ ਪੇਸ ਕੀਤੀਆਂ ਗਈਆਂ ਸਨ, ਜਿਸ ਨੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਸੀ। ਇਸ ਕਾਰਵਾਈ ਨੇ ਅਫਸਰਾਂ-ਸਿਆਸਤਦਾਨਾਂ ਅਤੇ ਨਸਾ ਤਸਕਰਾਂ ਦੇ ਗਠਜੋੜ ਖਿਲਾਫ ਸਖਤ ਕਾਰਵਾਈ ਦਾ ਰਾਹ ਪੱਧਰਾ ਕਰ ਦਿੱਤਾ ਹੈ, ਜੋ ਲੰਬੇ ਸਮੇਂ ਤੋਂ ਇਸ ਧੰਦੇ ਵਿਚ ਸਾਮਲ ਹਨ।

## ਚੌਵੀ ਘੰਟਿਆਂ ਦੇ ਅੰਦਰ-ਅੰਦਰ ਹੋ ਰਿਹਾ ਹੈ ਕਿਸਾਨਾਂ ਨੂੰ ਐਮਐਸਪੀ ਭੁਗਤਾਨ

*** ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ 3000 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਜਾਰੀ**



ਚੰਡੀਗੜ੍ਹ, 17 ਅਪ੍ਰੈਲ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਮੌਜੂਦਾ ਹਾੜ੍ਹੀ ਦੇ ਮੰਡੀਕਰਨ ਸੀਜ਼ਨ (ਆਰ।ਐਮ।ਐਸ।) ਦੌਰਾਨ ਸੂਬੇ ਭਰ ਦੀਆਂ ਮੰਡੀਆਂ ਵਿੱਚ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ ਅਤੇ ਖਰੀਦ ਦੀ ਪੁਸ਼ਟੀ ਹੋਣ ਦੇ 24 ਘੰਟਿਆਂ ਦਰਮਿਆਨ ਹੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੀ ਅਦਾਇਗੀ ਕੀਤੀ ਜਾ ਰਹੀ ਹੈ। ਪਿਛਲਾ ਰਿਕਾਰਡ ਤੋੜਦਿਆਂ ਸਰਕਾਰ ਨੇ ਖਰੀਦ ਦੇ ਨਿਰਧਾਰਤ 48 ਘੰਟਿਆਂ ਦੇ ਅੰਦਰ ਭੁਗਤਾਨ ਜਾਰੀ ਕਰਨ ਦੇ ਟੀਚੇ ਤੋਂ ਵੀ ਪਹਿਲਾਂ ਅਦਾਇਗੀਆਂ ਜਾਰੀ ਕੀਤੀਆਂ ਹਨ।

ਇਹ ਜਾਣਕਾਰੀ ਦਿੰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਦੱਸਿਆ ਕਿ ਹੁਣ ਤੱਕ ਪੰਜਾਬ ਸਰਕਾਰ ਵੱਲੋਂ 1,05,574 ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਤੌਰ ਉੱਤੇ 3014 ਕਰੋੜ ਰੁਪਏ ਤੋਂ ਵੱਧ ਦੀਆਂ ਅਦਾਇਗੀਆਂ ਕੀਤੀਆਂ ਜਾ ਚੁੱਕੀਆਂ ਹਨ। ਇਹ 48 ਘੰਟੇ ਪਹਿਲਾਂ ਤੱਕ ਕੀਤੀ ਗਈ ਖਰੀਦ ਦੇ ਬਕਾਇਆ 2700 ਕਰੋੜ ਰੁਪਏ ਦੀ ਰਾਸ਼ੀ ਤੋਂ ਕਿਤੇ ਜ਼ਿਆਦਾ ਹਨ। ਉਨਾਂ ਨੇ ਕਿਹਾ ਕਿ ਇਹ ਅੰਕੜੇ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਕਿਸਾਨਾਂ ਨੂੰ ਖਰੀਦ ਤੋਂ ਮਹਿਜ਼ 24 ਘੰਟੇ ਦੇ ਅੰਦਰ- ਅੰਦਰ ਭੁਗਤਾਨ ਕੀਤਾ ਜਾ ਰਿਹਾ ਹੈ।

ਮੁੱਲ ਵਿੱਚ ਕਟੌਤੀ ਕਰਨ ਸਬੰਧੀ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਕਿਸੇ ਵੀ ਕੀਮਤ 'ਤੇ ਕਟੌਤੀ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਹੈ ਅਤੇ ਪੰਜਾਬ ਸਰਕਾਰ ਕਿਸੇ ਵੀ ਸੂਰਤ ਵਿੱਚ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਨਾਲੋਂ ਘੱਟ ਦਰ ਉੱਤੇ ਭੁਗਤਾਨ ਨਹੀਂ ਹੋਣ ਦੇਵੇਗੀ। ਇਸ ਦੌਰਾਨ ਮੁੱਖ ਮੰਤਰੀ ਦੇ ਵਧੀਕ ਮੁੱਖ ਸਕੱਤਰ ਸ੍ਰੀ ਏ। ਵੇਣੂੰ ਪ੍ਰਸਾਦ ਨੇ ਅੱਜ ਕਣਕ ਦੀ ਚੱਲ ਰਹੀ ਖਰੀਦ ਦਾ ਜਾਇਜ਼ਾ ਲੈਣ ਲਈ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ। ਉਨਾਂ ਮਾਰਕਫੈੱਡ, ਪਨਗ੍ਰੇਨ, ਪਨਸਪ ਅਤੇ ਪੀਐਸਡਬਲਯੂਸੀ ਦੇ ਮੈਨੇਜਿੰਗ ਡਾਇਰੈਕਟਰਜ਼ ਨੂੰ ਹਦਾਇਤ ਕੀਤੀ ਕਿ ਉਹ ਤੁਰੰਤ ਵੱਖ-ਵੱਖ ਮੰਡੀਆਂ ਦਾ ਦੌਰਾ ਕਰਨ ਅਤੇ ਜਮੀਨੀ ਪੱਧਰ 'ਤੇ ਖਰੀਦ ਕਾਰਜਾਂ ਦੀ ਨਿਗਰਾਨੀ ਕੀਤੀ ਜਾਵੇ।

## ਹਰਜੋਤ ਸਿੰਘ ਬੈਂਸ ਨੇ ਅੰਗਰੇਜ਼ੀ ਅਧਿਆਪਕਾਂ ਲਈ ਦੋ ਹਫ਼ਤਿਆਂ ਦਾ ਵਿਸ਼ੇਸ਼ ਪ੍ਰੋਗਰਾਮ ਕੀਤਾ ਸ਼ੁਰੂ

ਚੰਡੀਗੜ੍ਹ, 17 ਅਪ੍ਰੈਲ (ਪੋਸਟ ਬਿਊਰੋ): ਸੂਬੇ ਦੇ ਬੱਚਿਆਂ ਦੀ ਅੰਗਰੇਜ਼ੀ ਭਾਸ਼ਾ ਅਤੇ ਸੰਚਾਰ ਹੁਨਰ ਨੂੰ ਹੋਰ ਨਿਖਾਰਨ ਦੇ ਮੱਦੇਨਜ਼ਰ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਇੱਥੇ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟ੍ਰੇਸ਼ਨ ਵਿਖੇ ਇੱਕ ਹੋਰ ਨਿਵੇਕਲਾ ਕੋਰਸ ਸ਼ੁਰੂ ਕੀਤਾ।

ਸ੍ਰੀ ਬੈਂਸ ਨੇ ਇਸ ਨੇਕ ਕਾਰਜ ਲਈ ਅਮਰੀਕੀ ਦੂਤਾਵਾਸ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਅਤੇ ਇਸ ਦੇ ਨਾਲ ਹੀ ਸ਼ਮੂਲੀਅਤ ਕਰਨ ਵਾਲਿਆਂ ਨੂੰ ਇਸ ਮੌਕੇ ਦਾ ਵੱਧ ਤੋਂ ਵੱਧ ਲਾਹਾ ਲੈਣ ਲਈ ਵੀ ਪ੍ਰੇਰਿਤ ਕੀਤਾ। ਉਨ੍ਹਾਂ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ।

ਆਪਣੇ ਭਾਸ਼ਣ ਵਿੱਚ ਡਾ। ਮਨਿੰਦਰ ਸਰਕਾਰੀਆ, ਡਾਇਰੈਕਟਰ, ਐਸ।ਸੀ।ਈ।ਆਰ।ਟੀ। ਨੇ ਦੇਸ਼ ਦੇ ਵਿਕਾਸ ਵਿੱਚ ਅਧਿਆਪਕ ਦੀ ਅਹਿਮ ਭੂਮਿਕਾ ਬਾਰੇ ਦੱਸਿਆ।

ਜ਼ਿਕਰਯੋਗ ਹੈ ਕਿ ਦੋ ਅਮਰੀਕੀ ਟ੍ਰੇਨਰ 40 ਅੰਗ੍ਰੇਜ਼ੀ ਭਾਸ਼ਾ ਦੇ ਅਧਿਆਪਕਾਂ ਨਾਲ 17 ਤੋਂ 29 ਅਪ੍ਰੈਲ (ਦੋ ਹਫ਼ਤੇ) ਤੱਕ ਚੱਲਣ ਵਾਲੇ 'ਟੀਚਿੰਗ ਇੰਗਲਿਸ਼ ਟੂ ਅਡੋਲੈਸੈਂਟਸ' ਵਿਸ਼ੇਸ਼ ਪ੍ਰੋਗਰਾਮ ਵਿੱਚ ਸਹਿਯੋਗ ਕਰਨਗੇ। ਇਹ ਕੋਰਸ ਇੱਕ ਕੌਮਾਂਤਰੀ ਸਰਟੀਫਿਕੇਟ ਪ੍ਰੋਗਰਾਮ ਦਾ ਦੂਜਾ ਪੜਾਅ ਹੈ, ਜਿਸ ਨੂੰ ਯੂ।ਐਸ। ਦੇ ਪਬਲਿਕ ਅਫੇਅਰ ਸੈਕਸ਼ਨ, ਨਵੀਂ ਦਿੱਲੀ ਵਿਖੇ ਸਥਿਤ ਦੂਤਾਵਾਸ ਵੱਲੋਂ ਫੰਡ ਦਿੱਤਾ ਜਾਂਦਾ ਹੈ ਅਤੇ ਟੀਈਐਸਓਐਲ ਇੰਟਰਨੈਸ਼ਨਲ ਐਸੋਸੀਏਸ਼ਨ ਵੱਲੋਂ ਲਾਗੂ ਕੀਤਾ ਗਿਆ, ਜੋ ਕਿ ਵਿਸ਼ਵ ਵਿੱਚ ਅੰਗਰੇਜ਼ੀ ਭਾਸ਼ਾ ਦੇ ਅਧਿਆਪਕਾਂ ਦੀ ਸਭ ਤੋਂ ਵੱਡੀ ਸੰਸਥਾ ਹੈ। ਟੀਈਐਸਓਐਲ ਇੰਟਰਨੈਸ਼ਨਲ ਲਈ ਵਿਸ਼ੇਸ਼ ਪ੍ਰੋਜੈਕਟਾਂ ਦੀ ਡਾਇਰੈਕਟਰ ਹੈਦੀ ਫੌਸਟ, ਡਾ। ਤਾਮਰੀਕਾ ਖਵਤੀਸੀਆਸ਼ਵਿਲੀ ਨਾਲ ਮਿਲ ਕੇ ਇਸ ਪ੍ਰੋਗਰਾਮ ਦੀ ਅਗਵਾਈ ਕਰ ਰਹੇ ਹਨ। ਵਿਸ਼ਵ ਭਰ ਵਿੱਚ ਅੰਗਰੇਜ਼ੀ ਅਧਿਆਪਕਾਂ ਲਈ ਸਿੱਖਿਆ ਪ੍ਰੋਗਰਾਮ ਚਲਾਉਣ ਦਾ ਦੋਵਾਂ ਕੋਲ ਕਈ ਸਾਲਾਂ ਦਾ ਤਜਰਬਾ ਹੈ।

## ਸੂਡਾਨ ਦੀ ਰਾਜਧਾਨੀ ਖਾਰਤੂਮ ਵਿੱਚ ਹਿੰਸਾ, ਭਾਰਤੀ ਦੂਤਾਵਾਸ ਵਲੋਂ ਭਾਰਤੀਆਂ ਨੂੰ ਘਰੋਂ ਨਾ ਨਿਕਲਣ ਦੀ ਸਲਾਹ



ਖਾਰਤੂਮ, 17 ਅਪ੍ਰੈਲ (ਪੋਸਟ ਬਿਊਰੋ): ਸੂਡਾਨ ਦੀ ਰਾਜਧਾਨੀ ਖਾਰਤੂਮ ਵਿੱਚ ਵਿਆਪਕ ਹਿੰਸਾ ਦੇ ਵਿਚਕਾਰ, ਭਾਰਤੀ ਦੂਤਾਵਾਸ ਨੇ ਸੋਮਵਾਰ ਨੂੰ ਜਾਰੀ ਕੀਤੀ ਆਪਣੀ ਤਾਜ਼ਾ ਐਡਵਾਇਜ਼ਰੀ ਵਿੱਚ ਭਾਰਤੀਆਂ ਨੂੰ ਆਪਣੇ ਘਰਾਂ ਤੋਂ ਬਾਹਰ ਨਾ ਨਿਕਲਣ ਅਤੇ ਸ਼ਾਂਤ ਰਹਿਣ ਲਈ ਕਿਹਾ ਹੈ। ਐਤਵਾਰ ਨੂੰ ਦੂਤਾਵਾਸ ਨੇ ਕਿਹਾ ਸੀ ਕਿ ਖਾਰਤੂਮ ਵਿੱਚ ਇੱਕ ਭਾਰਤੀ ਨਾਗਰਿਕ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ ਸੀ। ਖਾਰਟੂਮ ਵਿੱਚ ਹਿੰਸਾ ਫੈਲਣ ਤੋਂ ਬਾਅਦ ਜਾਰੀ ਕੀਤੀ ਗਈ ਆਪਣੀ ਦੂਜੀ ਐਡਵਾਈਜ਼ਰੀ ਵਿੱਚ, ਭਾਰਤੀ ਮਿਸ਼ਨ ਨੇ ਕਿਹਾ, "ਨਵੀਨਤਮ ਜਾਣਕਾਰੀ ਦੇ ਅਧਾਰ ਤੇ, ਦੂਜੇ ਦਿਨ ਲੜਾਈ ਵਿੱਚ ਕੋਈ ਕਮੀ ਨਹੀਂ ਆਈ ਹੈ। ਅਸੀਂ ਭਾਰਤੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਜਿੱਥੇ ਹਨ ਉੱਥੇ ਹੀ ਰਹਿਣ ਅਤੇ ਬਾਹਰ ਨਾ ਜਾਣ। ਇਸ ਤੋਂ ਪਹਿਲਾਂ ਐਤਵਾਰ ਨੂੰ ਵਿਦੇਸ਼ ਮੰਤਰੀ ਭਾਰਤੀ ਨਾਗਰਿਕ ਦੀ ਮੌਤ 'ਤੇ ਸੋਗ ਪ੍ਰਗਟ ਕਰਦੇ ਹੋਏ ਜੈਸ਼ੰਕਰ ਨੇ ਕਿਹਾ ਸੀ ਕਿ ਖਾਰਤੂਮ 'ਚ ਸਥਿਤੀ ਚਿੰਤਾਜਨਕ ਬਣੀ ਹੋਈ ਹੈ ਅਤੇ ਭਾਰਤ ਉਸ ਦੇਸ਼ 'ਚ ਹੋ ਰਹੀਆਂ ਘਟਨਾਵਾਂ 'ਤੇ ਨਜ਼ਰ ਰੱਖੇਗਾ। ਵਿਦੇਸ਼ ਮੰਤਰੀ ਜੈਸ਼ੰਕਰ ਨੇ ਕਿਹਾ ਕਿ ਉਹ ਭਾਰਤੀ ਨਾਗਰਿਕ ਦੀ ਮੌਤ ਤੋਂ 'ਬਹੁਤ ਦੁਖੀ' ਹਨ। ਉਨ੍ਹਾਂ ਨੇ ਟਵੀਟ ਕੀਤਾ, "ਦੂਤਘਰ ਪਰਿਵਾਰ ਨੂੰ ਪੂਰੀ ਸਹਾਇਤਾ ਪ੍ਰਦਾਨ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ।"


ਸ਼ਨੀਵਾਰ ਨੂੰ, ਸੁਡਾਨ ਵਿੱਚ ਭਾਰਤੀ ਦੂਤਾਵਾਸ ਨੇ ਭਾਰਤੀ ਨਾਗਰਿਕਾਂ ਨੂੰ ਬਹੁਤ ਜ਼ਿਆਦਾ ਸਾਵਧਾਨੀ ਵਰਤਣ ਅਤੇ ਘਰ ਦੇ ਅੰਦਰ ਰਹਿਣ ਦੀ ਸਲਾਹ ਦਿੱਤੀ। ਦੂਤਾਵਾਸ ਨੇ ਵੀ ਟਵੀਟ ਕਰਕੇ ਭਾਰਤੀਆਂ ਨੂੰ ਸ਼ਾਂਤ ਰਹਿਣ ਅਤੇ ਅਪਡੇਟ ਕੀਤੀ ਜਾਣਕਾਰੀ ਦੀ ਉਡੀਕ ਕਰਨ ਦੀ ਅਪੀਲ ਕੀਤੀ ਸੀ।

## ਬੰਗਾਲ 'ਚ ਗਰਮੀ ਦਾ ਕਹਿਰ, ਸਕੂਲ-ਕਾਲਜ ਹੋਏ ਬੰਦ

ਕੋਲਕਾਤਾ, 17 ਅਪ੍ਰੈਲ (ਪੋਸਟ ਬਿਊਰੋ): ਪੱਛਮੀ ਬੰਗਾਲ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਦੇ ਅਧਿਆਪਕ ਸੰਗਠਨਾਂ ਨੇ ਸੋਮਵਾਰ ਨੂੰ ਗਰਮੀ ਕਾਰਨ ਸੂਬੇ ਵਿੱਚ ਵਿਦਿਅਕ ਸੰਸਥਾਵਾਂ ਦੇ ਬੰਦ ਹੋਣ 'ਤੇ ਚਿੰਤਾ ਜ਼ਾਹਰ ਕੀਤੀ ਅਤੇ ਕਿਹਾ ਕਿ ਇਸ ਨਾਲ ਅਕਾਦਮਿਕ ਪ੍ਰੋਗਰਾਮ ਪ੍ਰਭਾਵਿਤ ਹੋਣਗੇ। ਦੋ ਪਹਾੜੀ ਜ਼ਿਲ੍ਹਿਆਂ - ਦਾਰਜੀਲਿੰਗ ਅਤੇ ਕਲੀਮਪੋਂਗ ਨੂੰ ਛੱਡ ਕੇ ਸੂਬੇ ਵਿੱਚ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਮੌਜੂਦਾ ਮੌਸਮ ਕਾਰਨ 23 ਅਪ੍ਰੈਲ ਤੱਕ ਇੱਕ ਹਫ਼ਤੇ ਲਈ ਬੰਦ ਕਰ ਦਿੱਤੀਆਂ ਗਈਆਂ ਹਨ। ਦੂਜੇ ਪਾਸੇ ਤ੍ਰਿਪੁਰਾ 'ਚ ਪੈ ਰਹੀ ਭਿਆਨਕ ਗਰਮੀ ਕਾਰਨ ਸੂਬੇ ਦੇ ਸਾਰੇ ਸਰਕਾਰੀ ਸਕੂਲ 18 ਤੋਂ 23 ਅਪ੍ਰੈਲ ਤੱਕ ਬੰਦ ਰਹਿਣਗੇ। ਸੂਬੇ ਦੇ ਮੁੱਖ ਮੰਤਰੀ ਮਾਨਿਕ ਸਾਹਾ ਨੇ ਸੋਮਵਾਰ ਨੂੰ ਇਹ ਐਲਾਨ ਕੀਤਾ। ਪੱਛਮੀ ਬੰਗਾਲ ਵਿੱਚ, ਜਾਦਵਪੁਰ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ (ਜੂਟਾ) ਦੇ ਜਨਰਲ ਸਕੱਤਰ ਪਾਰਥ ਪ੍ਰਤੀਮ ਰਾਏ ਨੇ ਕਿਹਾ ਕਿ ਰਾਜ ਸਰਕਾਰ ਦੇ ਫੈਸਲੇ ਦਾ ਅੰਤਿਮ ਸਾਲ ਦੇ ਵਿਦਿਆਰਥੀਆਂ 'ਤੇ ਬੁਰਾ ਅਸਰ ਪਵੇਗਾ।

ਉਨ੍ਹਾਂ ਕਿਹਾ ਕਿ ਅਜਿਹੇ ਫੈਸਲੇ ਸਾਬਤ ਕਰਦੇ ਹਨ ਕਿ ਸੂਬੇ ਵਿੱਚ ਉੱਚ ਸਿੱਖਿਆ ਪਛੜ ਗਈ ਹੈ ਅਤੇ ਯੂਨੀਵਰਸਿਟੀਆਂ ਦੀ ਕੋਈ ਖੁਦਮੁਖਤਿਆਰੀ ਨਹੀਂ ਹੈ। ਇਸ ਦੇ ਨਾਲ ਹੀ ਕਲਕੱਤਾ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ ਦੇ ਬੁਲਾਰੇ ਨੇ ਕਿਹਾ, "ਅਜਿਹਾ ਅਚਾਨਕ ਫੈਸਲਾ ਪਾਠਕ੍ਰਮ ਨੂੰ ਪ੍ਰਭਾਵਿਤ ਕਰ ਸਕਦਾ ਹੈ।" ਇਸ ਦੌਰਾਨ ਕੋਲਕਾਤਾ ਦੇ ਕਈ ਪ੍ਰਾਈਵੇਟ ਸਕੂਲ ਆਨਲਾਈਨ ਕਲਾਸਾਂ ਲੈ ਰਹੇ ਹਨ। ਮੌਸਮ ਵਿਭਾਗ ਨੇ ਦੱਸਿਆ ਕਿ ਕੋਲਕਾਤਾ ਵਿੱਚ ਸੋਮਵਾਰ ਨੂੰ ਵੱਧ ਤੋਂ ਵੱਧ ਤਾਪਮਾਨ 39.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦੋਂ ਕਿ ਘੱਟੋ-ਘੱਟ ਤਾਪਮਾਨ 29.1 ਡਿਗਰੀ ਸੈਲਸੀਅਸ ਰਿਹਾ। ਇਸ ਵਿਚ ਕਿਹਾ ਗਿਆ ਹੈ ਕਿ ਅਗਲੇ 24 ਘੰਟਿਆਂ ਵਿਚ ਵੱਧ ਤੋਂ ਵੱਧ ਤਾਪਮਾਨ 40 ਡਿਗਰੀ ਸੈਲਸੀਅਸ ਦੇ ਆਸਪਾਸ ਰਹਿਣ ਦੀ ਸੰਭਾਵਨਾ ਹੈ।

ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਨੂੰ ਬੰਦ ਕਰਨ ਦਾ ਐਲਾਨ ਕਰਦੇ ਹੋਏ, ਤ੍ਰਿਪੁਰਾ ਦੇ ਮੁੱਖ ਮੰਤਰੀ ਮਾਨਿਕ ਸਾਹਾ ਨੇ ਇੱਕ ਫੇਸਬੁੱਕ ਪੋਸਟ ਵਿੱਚ ਕਿਹਾ ਕਿ ਭਿਆਨਕ ਗਰਮੀ ਵਿਦਿਆਰਥੀਆਂ ਦੀ ਸਿਹਤ ਨੂੰ ਪ੍ਰਭਾਵਿਤ ਕਰ ਸਕਦੀ ਹੈ। ਉਨ੍ਹਾਂ ਸੂਬੇ ਦੇ ਪ੍ਰਾਈਵੇਟ ਸਕੂਲਾਂ ਨੂੰ ਮੌਜੂਦਾ ਮੌਸਮ ਦੇ ਮੱਦੇਨਜ਼ਰ ਅਜਿਹਾ ਕਰਨ ਦੀ ਅਪੀਲ ਕੀਤੀ। ਮੌਸਮ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਸੂਬੇ ਵਿੱਚ 20 ਅਪ੍ਰੈਲ ਤੱਕ ਮੀਂਹ ਪੈਣ ਦੀ ਕੋਈ ਭਵਿੱਖਬਾਣੀ ਨਹੀਂ ਹੈ।




## ਸੀਰੀਆ ਵਿਚ ਭੋਜਨ ਦੀ ਭਾਲ 'ਚ ਆਏ 31 ਲੋਕਾਂ ਨੂੰ ਆਈਐਸ ਨੇ ਉਤਾਰਿਆ ਮੌਤ ਦੇ ਘਾਟ



ਸੀਰੀਆ, 17 ਅਪ੍ਰੈਲ (ਪੋਸਟ ਬਿਊਰੋ):ਇਸਲਾਮਿਕ ਸਟੇਟ (ਆਈਐੱਸ) ਦੇ ਅੱਤਵਾਦੀਆਂ ਨੇ ਹਾਮਾ ਖੇਤਰ 'ਚ ਮੌਸਮੀ ਸਬਜ਼ੀ ਦੀ ਭਾਲ ਦੌਰਾਨ 31 ਲੋਕਾਂ ਦੀ ਹੱਤਿਆ ਕਰ ਦਿੱਤੀ। ਸੀਰੀਅਨ ਆਬਜ਼ਰਵੇਟਰੀ ਫਾਰ ਹਿਊਮਨ ਰਾਈਟਸ ਦੇ ਅਨੁਸਾਰ, ਇਕ ਹੋਰ ਘਟਨਾ ਵਿਚ, ਚਾਰ ਚਰਵਾਹੇ ਮਾਰੇ ਗਏ ਅਤੇ ਦੋ ਹੋਰਾਂ ਨੂੰ ਆਈਐਸ ਜੇਹਾਦੀਆਂ ਨੇ ਅਗਵਾ ਕਰ ਲਿਆ।

ਦੱਸ ਦੇਈਏ ਕਿ ਮਾਰੇ ਗਏ ਕੁੱਲ 31 ਲੋਕਾਂ ਵਿੱਚ 12 ਸਰਕਾਰੀ ਲੜਾਕੇ ਵੀ ਸ਼ਾਮਲ ਸਨ। ਉਹ ਸਾਰੇ ਹਾਮਾ (ਕੇਂਦਰੀ ਸ਼ਹਿਰ) ਦੇ ਪੂਰਬ ਵਿੱਚ ਮਾਰੂਥਲ ਵਿੱਚ ਟਰਫਲ ਇਕੱਠੇ ਕਰ ਰਹੇ ਸਨ, ਜਦੋਂ ਉਨ੍ਹਾਂ ਨੇ ਇਨ੍ਹਾਂ ਲੋਕਾਂ ਨੂੰ ਮਾਰਿਆ। ਪਹਿਲਾਂ ਇਹ ਗਿਣਤੀ 26 ਦੱਸੀ ਜਾ ਰਹੀ ਸੀ।

ਜ਼ਿਕਰਯੋਗ ਹੈ ਕਿ ਸੀਰੀਆ 'ਚ ਪਿਛਲੇ ਕਈ ਸਾਲਾਂ ਤੋਂ ਚੱਲ ਰਹੇ ਘਰੇਲੂ ਯੁੱਧ ਕਾਰਨ ਲੋਕ ਆਰਥਿਕ ਤਬਾਹੀ ਨਾਲ ਜੂਝ ਰਹੇ ਹਨ। ਅਜਿਹੀ ਸਥਿਤੀ ਵਿੱਚ ਲੋਕਾਂ ਨੂੰ ਟਰਫਲਾਂ ਰਾਹੀਂ ਪੈਸੇ ਕਮਾਉਣ ਵਿੱਚ ਮਦਦ ਕੀਤੀ ਜਾਂਦੀ ਹੈ। ਇਸ ਮੌਸਮੀ ਸਬਜ਼ੀ ਦੀ ਕੀਮਤ ਬਹੁਤ ਜ਼ਿਆਦਾ ਹੈ। ਦੂਜੇ ਪਾਸੇ ਦੁਨੀਆ ਦੇ ਮੱਧ ਪੂਰਬ 'ਚ ਸਥਿਤ ਦੇਸ਼ ਸੀਰੀਆ 'ਚ ਇਸਲਾਮਿਕ ਸਟੇਟ ਸਮੂਹ ਦੇ ਅੱਤਵਾਦੀ ਇਨ੍ਹੀਂ ਦਿਨੀਂ ਕਿਸਾਨ ਰੇਗਿਸਤਾਨ 'ਚ ਟਰਫਲਾਂ (ਸਬਜ਼ੀਆਂ) ਦੀ ਭਾਲ ਕਰ ਰਹੇ ਹਨ। ਮੀਡੀਆ ਰਿਪੋਰਟਾਂ ਮੁਤਾਬਕ ਉਸ ਨੇ ਹਾਲ ਹੀ ਵਿੱਚ 15 ਕਿਸਾਨਾਂ ਦਾ ਗਲਾ ਵੱਢ ਕੇ ਕਤਲ ਕਰ ਦਿੱਤਾ ਸੀ।

ਸੀਰੀਅਨ ਆਬਜ਼ਰਵੇਟਰੀ ਫਾਰ ਹਿਊਮਨ ਰਾਈਟਸ ਮੁਤਾਬਕ ਫਰਵਰੀ ਤੋਂ ਹੁਣ ਤੱਕ ਕਰੀਬ 230 ਲੋਕ ਮਾਰੇ ਜਾ ਚੁੱਕੇ ਹਨ। ਕਈ ਕਿਸਾਨਾਂ ਨੂੰ ਅੱਤਵਾਦੀਆਂ ਨੇ ਟਰਾਫਲਾਂ ਦੀ ਭਾਲ ਕਰਦੇ ਸਮੇਂ ਗੋਲੀ ਮਾਰ ਦਿੱਤੀ ਸੀ, ਜਦੋਂ ਕਿ ਯੁੱਧ ਦੌਰਾਨ ਵਿਛਾਈਆਂ ਬਾਰੂਦੀ ਸੁਰੰਗਾਂ ਕਾਰਨ ਕਈਆਂ ਦੀ ਜਾਨ ਚਲੀ ਗਈ ਸੀ।

## ਛਾਪਾ ਮਾਰਨ ਆਏ ਅਫਸਰਾਂ ਉਤੇ ਮਾਈਨਿੰਗ ਮਾਫੀਆ ਨੇ ਕੀਤਾ ਹਮਲਾ, ਮਹਿਲਾ ਅਫਸਰ ਦੀ ਵੀ ਕੀਤੀ ਕੁਟਮਾਰ



ਪਟਨਾ, 17 ਅਪ੍ਰੈਲ (ਪੋਸਟ ਬਿਊਰੋ): ਬਿਹਾਰ ਦੀ ਰਾਜਧਾਨੀ ਪਟਨਾ ਦੇ ਨਾਲ ਲੱਗਦੇ ਬਿਹਟਾ 'ਚ ਮਾਈਨਿੰਗ ਮਾਫੀਆ ਨੇ ਜਾਂਚ ਲਈ ਆਏ ਅਧਿਕਾਰੀਆਂ ਦੀ ਕੁੱਟਮਾਰ ਕੀਤੀ। ਘਟਨਾ ਦੀ ਇੱਕ ਵੀਡੀਓ ਵੀ ਸਾਹਮਣੇ ਆਈ ਹੈ, ਜਿਸ ਵਿੱਚ ਕੁਝ ਲੋਕ ਜ਼ਿਲ੍ਹਾ ਮਾਈਨਿੰਗ ਅਫ਼ਸਰ ਅਤੇ ਹੋਰ ਅਧਿਕਾਰੀਆਂ ਨੂੰ ਘੇਰ ਕੇ ਉਨ੍ਹਾਂ ਦੀ ਕੁੱਟਮਾਰ ਕਰਦੇ ਅਤੇ ਪਥਰਾਅ ਕਰਦੇ ਨਜ਼ਰ ਆ ਰਹੇ ਹਨ। ਦੱਸ ਦੇਈਏ ਕਿ ਇਸ 'ਚ ਦੋ ਮਹਿਲਾ ਅਧਿਕਾਰੀ ਵੀ ਸ਼ਾਮਲ ਸਨ, ਜਿਨ੍ਹਾਂ 'ਤੇ ਹਮਲਾ ਕੀਤਾ ਗਿਆ।

ਅਸਲ ਵਿੱਚ ਬਿਹਟਾ ਬਲਾਕ ਵਿੱਚ ਜ਼ਿਲ੍ਹਾ ਮਾਈਨਿੰਗ ਅਫ਼ਸਰ, ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਅਤੇ ਵਧੀਕ ਉਪ ਮੰਡਲ ਮੈਜਿਸਟਰੇਟ (ਦਾਨਾਪੁਰ) ਵੱਲੋਂ ਉਵਰਲੋਡਿੰਗ ਵਾਹਨਾਂ ਅਤੇ ਨਾਜਾਇਜ਼ ਮਾਈਨਿੰਗ ਖ਼ਿਲਾਫ਼ ਛਾਪੇਮਾਰੀ ਕੀਤੀ ਜਾ ਰਹੀ ਸੀ। ਐਮਵੀਆਈ, ਈਐਸਆਈ ਸਮੇਤ ਟਰਾਂਸਪੋਰਟ ਅਤੇ ਮਾਈਨਿੰਗ ਵਿਭਾਗ ਦੀ ਪੂਰੀ ਟੀਮ ਇਸ ਛਾਪੇਮਾਰੀ ਵਿੱਚ ਲੱਗੀ ਹੋਈ ਸੀ। ਅਧਿਕਾਰੀਆਂ ਦੀ ਟੀਮ 'ਤੇ ਇਸ ਦੌਰਾਨ ਕੋਇਲਾਵਾੜ ਪੁਲ ਦੇ ਹੇਠਾਂ ਬੰਦ ਪਏ ਪੈਟਰੋਲ ਪੰਪ 'ਤੇ ਸਮਾਜ ਵਿਰੋਧੀ ਅਨਸਰਾਂ ਵੱਲੋਂ ਪਥਰਾਅ ਕੀਤਾ ਗਿਆ। ਇਸ ਦੌਰਾਨ ਕੁਝ ਲੋਕਾਂ ਨੇ ਅਧਿਕਾਰੀਆਂ ਦੀ ਕੁੱਟਮਾਰ ਵੀ ਕੀਤੀ। ਇਸ ਘਟਨਾ ਵਿੱਚ ਜ਼ਿਲ੍ਹਾ ਮਾਈਨਿੰਗ ਅਫ਼ਸਰ ਅਤੇ 2 ਮਾਈਨਿੰਗ ਇੰਸਪੈਕਟਰ ਜ਼ਖ਼ਮੀ ਹੋ ਗਏ। ਤਿੰਨੋਂ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। ਅਧਿਕਾਰੀਆਂ 'ਤੇ ਹਮਲੇ ਦੀ ਸੂਚਨਾ ਮਿਲਣ ਤੋਂ ਬਾਅਦ ਪਟਨਾ ਦੇ ਡੀਐਮ ਨੇ ਤੁਰੰਤ ਉਪ ਮੰਡਲ ਅਧਿਕਾਰੀ ਅਤੇ ਉਪ ਮੰਡਲ ਪੁਲਿਸ ਅਧਿਕਾਰੀ ਨੂੰ ਮੌਕੇ 'ਤੇ ਭੇਜਿਆ। ਹੁਣ ਪਥਰਾਅ ਕਰਨ ਵਾਲਿਆਂ ਵਿਰੁੱਧ ਤਿੱਖੀ ਛਾਪੇਮਾਰੀ ਕੀਤੀ ਜਾ ਰਹੀ ਹੈ।

ਇਸ ਮਾਮਲੇ ਵਿੱਚ 44 ਲੋਕਾਂ ਖ਼ਿਲਾਫ਼ ਐਫਆਈਆਰ ਦਰਜ ਕੀਤੀ ਗਈ ਹੈ। ਕਰੀਬ 50 ਵਾਹਨ ਵੀ ਜ਼ਬਤ ਕੀਤੇ ਗਏ ਹਨ। ਵਾਹਨ ਮਾਲਕਾਂ ਅਤੇ ਡਰਾਈਵਰਾਂ ਖ਼ਿਲਾਫ਼ ਵੀ ਕੇਸ ਦਰਜ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਘਟਨਾ ਬਾਰੇ ਪਟਨਾ ਦੇ ਡੀਐਮ ਨੇ ਕਿਹਾ ਕਿ ਇਸ ਵਿੱਚ ਸ਼ਾਮਲ ਸਾਰੇ ਲੋਕਾਂ ਖ਼ਿਲਾਫ਼ ਕਾਨੂੰਨ ਮੁਤਾਬਕ ਸਖ਼ਤ ਕਾਰਵਾਈ ਕੀਤੀ ਜਾਵੇਗੀ।



**URGENTLY NEED NEW LISTINGS IN BRAMPTON/CALEDON**



visit: www.teamjagaujla.com

ADVERTISEMENT GUARANTEED TILL SOLD

# JAG AUJLA

MCNE, REAL ESTATE BROKER

**416-371-7777**

e-mail: j.aujla@rogers.com or visit: www.jagaujla.com

MCNE

**CALL JAG AUJLA FOR A QUICK & FREE HOME EVALUATION**

www.BramptonTopRealtor.com

**RECENTLY LISTED/SOLD IN YOUR NEIGHBOURHOOD**

**Hwy 7/ Churchill Rd/Tanners Dr**



ਵਧੀਆ ਲੋਕੇਸ਼ਨ, ਡਬਲ ਸਟੋਰੀ ਘਰ, 3400 ਸਕੇਅਰ ਫੁਟ, 3 ਖੁਲੇ-ਡੁਲੇ ਬੈਡਰੂਮ, ਫਿਨੀਸ਼ਡ ਬੈਸਮੈਂਟ, ਸਟੋਨ ਪੈਟਿਓ, ਪਾਵਰ ਗਰਾਜ਼ ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਸੰਪਰਕ ਕਰੋ।

**Mclaughlin Rd & Steeles Ave**



ਸੋਹਣਾ ਤੇ ਸਾਫ ਸੁਥਰਾ, ਮਾਡਰਨ ਲੇਆਓਟ, 3515 ਸਕੇਅਰ ਫੁਟ ਵਿਚ 4 + 2 ਬੈਡਰੂਮ ਤੇ 5 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਨਵੇ ਰੂਫ ਸ਼ਿੰਗਲ, ਪਿਛਲੇ ਸਾਲ ਬਣੀ ਬੈਸਮੈਂਟ। ਸੰਪਰਕ ਕਰੋ

**Wanless /Queen Mary /Mclaughlin**



2016 ਵਿਚ ਬਣਿਆ, ਡਬਲ ਡੋਰ ਗਰਾਜ਼, 4364 ਸਕੇਅਰ ਫੁਟ, 4 ਖੁਲੇ-ਡੁਲੇ ਬੈਡਰੂਮ ਤੇ 5 ਵਾਸ਼ਰੂਮ, ਫਿਨੀਸ਼ਡ ਬੈਸਮੈਂਟ ਜਿਸ ਨੂੰ ਸੈਪਰੇਟ ਏਨੰਟਰੈਂਸ ਤੇ 2 ਬੈਡਰੂਮ ਲਈ ਸੰਪਰਕ ਕਰੋ।

**Chinguacousy & Bovaird**



ਸ਼ਾਨਦਾਰ ਤੇ ਸਾਫ ਸੁਥਰਾ, ਮਾਡਰਨ ਲੇਆਓਟ ਵਿਚ 4 ਬੈਡਰੂਮ ਤੇ 4 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਫਿਨੀਸ਼ ਬੈਸਮੈਂਟ ਤੇ ਹੋਰ ਵੀ ਕਈ ਅਪਗ੍ਰੇਡਜ਼, ਸੰਪਰਕ ਕਰੋ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results


RE/MAX REALTY SPECIALISTS INC. Ph:905-456-3232

JAG AUJLA MCNE, Real Estate Broker 416-371-7777

NOT INTENDED TO SOLICIT BUYERS OR SELLERS CURRENTLY UNDER CONTRACT



# Dr. Randhawa Dentistry



*Your own dentist who really cares for you*


We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਉਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044





# Grand Upholstery Ltd

**Sofa Company** Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ **L Shape** ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

**Tel: 905.791.2888 Cell: 647.293.3212**

2053 Williams Pkwy, Unit -45, Brampton | Email: grandupholstery@gmail.com






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017